ਪਰਉਪਕਾਰੀ ਆਤਮਾ, ਅਮਨ ਅਤੇ ਸੁਤੰਤਰਤਾ ਦੀ

ਦੂਤ

# ਬੀਬੀ ਜੇਨ ਐਡਮਜ਼

ਲੇਖਕ-ਡਾ. ਇੰਦਰਜੀਤ ਕੌਰ

ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ ।

ਦਸੰਬਰ 2017 ਨੂੰ ਪਹਿਲੀ ਵਾਰ ਛਪੀ 10,000

**ਪਿੰਗਲਵਾੜੇ ਨੂੰ ਭੇਜੇ ਹੋਏ ਦਾਨ ਉੱਪਰ ਸੈਕਸ਼ਨ 80-ਜੀ ਇਨਕਮ ਟੈਕਸ ਐਕਟ ਦੀ ਧਾਰਾ 1961, ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।**

The donations made to Pingalwara are exempted from Income Tax under Section 80-G, of I.T. Act 1961.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ,**
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

ਫ਼ੋਨ: 0183-2584586, 2584713, ਫੈਕਸ: 0183-2584586
website:www. pingalwara.org
E-mail: pingalwara57@gmail.com

# ਤਤਕਰਾ


ਕ੍ਰਮ ਨੰ: ਪੰਨਾ ਨੰ:

ਭੂਮਿਕਾ V

**1.** ਬੀਬੀ ਜੇਨ ਐਡਮਜ਼ **1**

**2.** ਹੱਲ ਹਾਊਸ ਬਾਰੇ ਜਾਣਕਾਰੀ **13**

**3.** ਮੇਰੀ ਪਹਿਲੀ ਨੌਕਰੀ **16**

**4.** ਕਿਰਤੀਆਂ ਦੀ ਯੂਨੀਅਨ ਬਨਾਉਣਾ **18**

**5.** ਵਧਦੇ ਜਾਣਾ **19**

**6.** ਰੇਗਿਸਤਾਨ ਵਿੱਚ ਕਮਲ ਦਾ ਫੁੱਲ **23**

**7.** ਸਫ਼ਾਈ ਵੱਲ ਵਿਸ਼ੇਸ਼ ਧਿਆਨ **25**

**8.** ਹਿਲਡਾ ਦੀ ਜ਼ੁਬਾਨੀ **27**

**9.** ਪਿੰਗਲਵਾੜਾ ਅਤੇ ਹੱਲ ਹਾਊਸ ਦੀਆਂ ਸਮਾਨਤਾਵਾਂ (ਲੇਖਕ ਵੱਲੋਂ) **27**

**10.** ਯੂਨੀਵਰਸਿਟੀ **29**

**11.** ਟਰਨਰ ਹਾਲ ਦਾ ਪੱਛਮੀ ਹਿੱਸਾ **32**

**12.** ਨਵੀਆਂ ਮੰਜ਼ਲਾਂ **35**

**13.** ਜੇਨ ਐਡਮਜ਼ **37**

**14.** ਹਿਲਡਾ ਦਾ ਨਵੀਆਂ ਸਿਖਰਾਂ ਨੂੰ ਛੂਹਣਾ ਅਤੇ ਅੱਗੇ ਵਧਣਾ **44**

**15.** ਅੱਗੇ ਵੱਲ ਵਧਣਾ **47**

**16.** ਵਾਕਿੰਗ ਡੈਲੀਗੇਟ **48**

**19.** ਮਿਲਵਾਕੀ **51**

**20.** ਜੰਗ **54**

21. ਅਮਨ 60
22. ਅਮਨ ਅਤੇ ਸੁਤੰਤਰਤਾ ਦੀ ਔਰਤਾਂ ਦੀ
ਅੰਤਰ-ਰਾਸ਼ਟਰੀ ਲੀਗ 66
23. ਦਸੰਬਰ 1927 67
24. ਫਿਰ ਸ਼ਿਕਾਗੋ ਵਿੱਚ ਵਾਪਸੀ 68
25. ਲੇਖਕ ਪ੍ਰੋਜੈਕਟ ਸਭਾ 71
26. ਮਈ 1935 71
27. ਜੇਨ ਐਡਮਜ਼ ਦੇ ਵਿਚਾਰ 74
28. ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ 77

ਧੰਨਵਾਦ ਸਹਿਤ ਪੁਸਤਕਾਂ ਅਤੇ ਇੰਟਰਨੈੱਟ ਵਿੱਚੋਂ ਦਿੱਤਾ ਪ੍ਰਮਾਣ

1. **I Came a Stranger (Story of a Hull House Girl)**
**-Written by Hilda Satt Polachaeck**
2. **Peace and Bread in Time of War**
**-Written by. Miss Jane Addams**

# ਭੂਮਿਕਾ

**ਪਰਉਪਕਾਰੀ ਆਤਮਾ, ਅਮਨ ਅਤੇ ਸੁਤੰਤਰਤਾ ਦੀ ਦੂਤ ਬੀਬੀ ਜੇਨ ਐਡਮਜ਼** ਬਾਰੇ ਕਿਤਾਬ ਲਿਖ ਕੇ ਮੈਨੂੰ ਅਤਿਅੰਤ ਅਧਿਆਤਮਿਕ ਖ਼ੁਸ਼ੀ ਮਿਲੀ ਹੈ । ਅਕਾਲ ਪੁਰਖ ਨੇ ਸੰਸਾਰ ਵਿੱਚ ਸਮੇਂ-ਸਮੇਂ ਬਹੁਤ ਹੀ ਪਰਉਪਕਾਰੀ ਜੀਵ ਲੋਕਾਈ ਨੂੰ ਅਗਵਾਈ ਦੇਣ ਲਈ ਭੇਜੇ ਹਨ, ਉਦਾਹਰਨ ਦੇ ਤੌਰ 'ਤੇ ਮਹਾਤਮਾ ਬੁੱਧ, ਭਾਈ ਘਨੱਈਆ ਜੀ, ਹੈਨਰੀ ਡਿਊਨਾਂਟ ਜਿਨ੍ਹਾਂ ਨੇ ਰੈੱਡ-ਕਰਾਸ ਦੀ ਨੀਂਹ ਰੱਖੀ, ਫਲੋਰੈਂਸ ਨਾਈਟਿੰਗੇਲ, ਅਬਰਾਹਿਮ ਲਿੰਕਨ, ਕਿੰਗ ਮਾਰਟਿਨ ਲੂਥਰ, ਭਗਤ ਪੂਰਨ ਸਿੰਘ ਅਤੇ ਹੋਰ ਅਨੇਕਾਂ ਹੀ । ਗੁਰਬਾਣੀ ਵਿੱਚ ਇਹਨਾਂ ਪਰਥਾਇ ਲਿਖਿਆ ਹੈ :

**"ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥"** (ਅੰਗ ੧੪੧੧)

ਇਹ ਸਾਡੇ ਚਾਨਣ-ਮੁਨਾਰੇ ਅਤੇ ਰਾਹ-ਦਸੇਰੇ ਹਨ, ਸਾਨੂੰ ਜੀਵਨ-ਜਾਚ ਸਿਖਾਉਂਦੇ ਹਨ । ਇਹਨਾਂ ਦਾ ਮਜ਼ਹਬ, ਜ਼ਾਤ, ਧਰਮ ਅਤੇ ਕੌਮਾਂ ਨਾਲ ਸੰਬੰਧ ਹੁੰਦੇ ਹੋਏ ਵੀ ਕੋਈ ਸੰਬੰਧ ਨਹੀਂ ਹੁੰਦਾ । ਇਹ ਸਾਰੀ ਮਨੁੱਖਤਾ ਨੂੰ ਪਿਆਰ ਕਰਦੇ ਹਨ, ਕਿਉਂਕਿ ਇਹ ਸੰਵੇਦਨਸ਼ੀਲ ਹੁੰਦੇ ਹਨ । ਦੂਜਿਆਂ ਦੇ ਦੁੱਖ ਹਰਨ ਲਈ ਆਪਣੀ ਸਾਰੀ ਸ਼ਕਤੀ ਲਾ ਦਿੰਦੇ ਹਨ ।

ਬੀਬੀ ਜੇਨ ਐਡਮਜ਼ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਰਹਿਣ ਵਾਲੀ ਸੀ । ਕੋਲੰਬਸ ਨੇ ਜਦੋਂ ਅਮਰੀਕਾ ਦੀ ਖੋਜ ਕੀਤੀ, ਉਸ ਤੋਂ ਬਾਅਦ ਬਹੁਤ ਸਾਰੇ ਲੋਕ ਯੂਰਪ ਤੋਂ ਰਫ਼ਿਊਜੀ ਬਣ ਕੇ ਅਮਰੀਕਾ ਜਾ ਵੱਸੇ । ਉਸ ਵੇਲੇ ਅਮਰੀਕਾ ਵਿੱਚ ਦਸਤਕਾਰੀ ਆਰੰਭ ਹੋ ਚੁੱਕੀ ਸੀ । ਬੱਚਿਆਂ ਅਤੇ ਔਰਤਾਂ ਦੀ ਦੁਰਦਸ਼ਾ ਸੀ । ਜੇਨ ਐਡਮਜ਼ ਨੇ ਉਹਨਾਂ ਦੇ ਹੱਕਾਂ ਲਈ ਲੜਾਈ ਕੀਤੀ । ਉਹ ਇਹ ਵੀ ਚਾਹੁੰਦੀ ਸੀ ਕਿ ਹਰ ਇਨਸਾਨ ਨੂੰ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ । ਉਸਨੇ ਪਹਿਲੀ ਵਿਸ਼ਵ ਜੰਗ ਵਿੱਚ ਕਈ ਦੇਸ਼ਾਂ ਦੀਆਂ ਔਰਤਾਂ ਦਾ ਸੰਗਠਨ ਕੀਤਾ ਅਤੇ ਵਿਸ਼ਵ ਵਿੱਚ ਜੰਗ ਦੇ ਵਿਰੋਧ ਵਿੱਚ ਅਮਨ ਲਈ ਕੰਮ ਕੀਤਾ ।

ਸਾਹਿਰ ਲੁਧਿਆਣਵੀ ਦੇ ਵਿਚਾਰ ਜੰਗ ਦੇ ਵਿਰੋਧ ਵਿੱਚ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਲਈ ਇੰਵ ਸੇਧ ਦਿੰਦੇ ਹਨ :

**ਖ਼ੂਨ ਅਪਨਾ ਹੋ ਯਾ ਪਰਾਇਆ ਹੋ,**
**ਨਸਲ-ਏ-ਆਦਮ ਕਾ ਖ਼ੂਨ ਹੈ ਆਖਿਰ ।**
**ਜੰਗ ਮਸ਼ਰਿਕ ਮੇਂ ਹੋ ਕਿ ਮਗਰਿਬ ਮੇਂ,**
**ਅਮਨ-ਏ-ਆਲਮ ਕਾ ਖ਼ੂਨ ਹੈ ਆਖਿਰ ।**

**ਜੰਗ ਤੋਂ ਖ਼ੁਦ ਹੀ ਏਕ ਮਸਲਾ ਹੈ**
**ਜੰਗ ਕਿਯਾ ਮਸਲੋਂ ਕਾ ਹਲ ਦੇਗੀ ।**
**ਆਗ ਔਰ ਖ਼ੂਨ ਆਜ ਬਖ਼ਸ਼ੇਗੀ**
**ਭੂਖ ਔਰ ਅਹਿਤਿਆਜ ਕਲ ਦੇਗੀ ।**

**ਇਸ ਲੀਯੇ ਐ ਸ਼ਰੀਫ ਇਨਸਾਨੋਂ,**
**ਜੰਗ ਟਲਤੀ ਰਹੇ ਤੋ ਬਿਹਤਰ ਹੈ ।**
**ਆਪ ਔਰ ਹਮ ਸਭੀ ਕੇ ਆਂਗਨ ਮੇਂ,**
**ਸ਼ਮਾਂ ਜਲਤੀ ਰਹੇ ਤੋ ਬਿਹਤਰ ਹੈ ।**

ਬੀਬੀ ਜੇਨ ਐਡਮਜ਼ ਨੇ ਗਿਆਰਾਂ ਕਿਤਾਬਾਂ ਵੀ ਲਿਖੀਆਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਜਾ ਕੇ ਲੈਕਚਰ ਵੀ ਦਿੱਤੇ । ਉਹ ਆਪਣੇ ਕੰਮ ਵਿੱਚ ਏਨੀ ਮਗਨ ਸੀ ਕਿ ਵਿਆਹ ਕਰਨ ਬਾਰੇ ਸੋਚਿਆ ਹੀ ਨਹੀਂ । ਸਾਰੀ ਦੁਨੀਆਂ ਹੀ ਉਸਦਾ ਪਰਿਵਾਰ ਸੀ ।

ਦੁਖੀਆਂ ਦੀ ਮਦਦ ਲਈ ਉਸਨੇ ਆਸ਼ਰਮ ਬਣਾਇਆ ਜਿਸਦਾ ਨਾਮ ਉਸਨੇ '**ਹੱਲ ਹਾਊਸ**' ਰੱਖਿਆ । ਅੱਜ 'ਹੱਲ ਹਾਊਸ', '**ਹੱਲ ਹਾਊਸ ਅਜਾਇਬ ਘਰ**' ਬਣ ਗਿਆ ਹੈ । ਉਹਦੇ ਕੰਮਾਂ ਕਰਕੇ ਉਸਨੂੰ ਨੋਬਲ ਪੀਸ ਪਰਾਈਜ਼ **(Nobel Peace Prize)** ਨਾਲ ਨਿਵਾਜਿਆ ਗਿਆ ।

ਕੋਟਿ ਕੋਟਿ ਪ੍ਰਣਾਮ ਹੈ ਪਿਤਾ ਰੂਪ ਭਗਤ ਪੂਰਨ ਸਿੰਘ ਜੀ ਦਾ, ਜਿਨ੍ਹਾਂ ਨੇ 'ਜਤੀ-ਸਤੀ' ਕਿਤਾਬਚੇ ਵਿੱਚ ਜੇਨ ਐਡਮਜ਼ ਬਾਰੇ ਕੁਝ ਸਤਰਾਂ ਲਿਖ ਕੇ ਮੈਨੂੰ ਜੇਨ ਐਡਮਜ਼ ਬਾਰੇ ਖੋਜ ਕਰਨ ਲਈ ਪ੍ਰੇਰਿਆ । ਅਕਾਲ ਪੁਰਖ ਦੀ ਅਸੀਸ ਸਦਕਾ ਮੈਨੂੰ ਇਹੋ ਜਿਹੇ ਮਾਂ-ਬਾਪ ਮਿਲੇ, ਜਿਨ੍ਹਾਂ ਨੇ ਮੈਨੂੰ

ਚੰਗੇ ਕੰਮ ਕਰਨ ਦੀ ਸਿੱਖਿਆ ਦਿੱਤੀ ।

ਮੈਂ ਧੰਨਵਾਦੀ ਹਾਂ, ਮਿਸ ਰਿਤੂ ਸ਼ਰਮਾ, ਪ੍ਰੋਫ਼ੈਸਰ ਸਰਬਜੀਤ ਸਿੰਘ ਛੀਨਾ ਜੀ, ਹਰਪ੍ਰੀਤ ਕੌਰ ਅਤੇ ਜਤਿੰਦਰ ਸਿੰਘ ਦੀ, ਜਿਹਨਾਂ ਦੀ ਮਦਦ ਕਰਕੇ ਮੈਂ ਇਹ ਕਿਤਾਬ ਲਿਖਣ ਦੇ ਸਮਰੱਥ ਹੋ ਸਕੀ । ਜਾਗੀਰ ਸਿੰਘ ਨੂਰੀ ਜੀ ਨੇ ਪਰੂਫ਼ ਪੜ੍ਹੇ ।

ਆਸ ਕਰਦੀ ਹਾਂ ਕਿ ਅੱਜ ਦੀ ਨੌਜਵਾਨ ਪੀੜ੍ਹੀ ਇਸ ਕਿਤਾਬ ਤੋਂ ਪ੍ਰੇਰਨਾ ਲੈ ਕੇ ਸਮਾਜ ਦੀ ਵਿਗੜੀ ਹੋਈ ਸਥਿਤੀ ਨੂੰ ਸੁਧਾਰਨ ਵਿੱਚ ਆਪਣਾ ਯੋਗਦਾਨ ਪਾ ਸਕੇਗੀ ।

ਮੈਂ ਸਾਰੀ ਸੰਗਤ ਨੂੰ ਵੀ ਨਤਮਸਤਕ ਹਾਂ ਜੋ ਇਹੋ ਜਿਹੀਆਂ ਕਿਤਾਬਾਂ ਲਿਖਣ ਲਈ ਮਾਇਆ ਦੇ ਗੱਫੇ ਭੇਜਦੀਆਂ ਹਨ ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਇਸ ਵਿੱਚ ਕਦੀ ਤੋਟ ਨਹੀਂ ਆਵੇਗੀ, ਕਿਉਂਕਿ ਬਾਣੀ ਦਾ ਫ਼ਰਮਾਨ ਹੈ :

**"ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥**

**ਮਨਿ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭ ਹਾਰਿ ॥"** (ਅੰ:੧੩੧੪)

**ਡਾ. ਇੰਦਰਜੀਤ ਕੌਰ**

**ਮੁੱਖ ਸੇਵਾਦਾਰ,**

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ ।**




ਪਰਉਪਕਾਰੀ ਆਤਮਾ, ਅਮਨ ਅਤੇ ਸੁਤੰਤਰਤਾ ਦੀ ਦੂਤ

**ਬੀਬੀ ਜੇਨ ਐਡਮਜ਼**

ਵੂਮੈਨ ਪੀਸ ਪਾਰਟੀ ਦੀ ਮੈਂਬਰ ਨਾਲ

# ਬੀਬੀ ਜੇਨ ਐਡਮਜ਼

ਜਪੁ ਜੀ ਸਾਹਿਬ ਵਿੱਚ ਰਚਨਹਾਰ ਅਤੇ ਉਸਦੀ ਰਚਨਾ ਦੀ ਵਿਆਖਿਆ ਬੜੇ ਹੈਰਾਨ ਕਰਨ ਵਾਲੇ ਢੰਗ ਨਾਲ ਕੀਤੀ ਗਈ ਹੈ। ਜੇ ਪੂਰੇ ਧਿਆਨ ਨਾਲ ਅਰਥ ਸਮਝ ਕੇ ਪੜ੍ਹਿਆ ਜਾਵੇ ਤਾਂ ਸੰਸਾਰ ਦੀ ਰਚਨਾ ਬੜੀ ਅਦਭੁੱਤ ਲੱਗਦੀ ਹੈ ਅਤੇ ਇਨਸਾਨ ਵਿਸਮਾਦ ਵਿੱਚ ਚਲਾ ਜਾਂਦਾ ਹੈ। ਕਿਹੋ ਜਿਹੇ ਮਨੁੱਖ ਉਸ ਰਚਨਹਾਰ ਨੇ ਪੈਦਾ ਕੀਤੇ ਹਨ।

**ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥**
**ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥**
**ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥**
**ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥**
**ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥**
**ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮ ਖੋਰ ॥**
**ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲ ਵਢ ਹਤਿਆ ਕਮਾਹਿ ॥**
**ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥**
**ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**
**ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥**

ਅਨੇਕਾਂ ਹੀ ਤਰ੍ਹਾਂ ਦੇ ਮਨੁੱਖ ਇਸ ਸੰਸਾਰ ਵਿੱਚ ਵੇਖਣ ਨੂੰ ਮਿਲਦੇ ਹਨ। ਇਕ ਪਾਸੇ ਇਹੋ ਜਿਹੇ ਇਨਸਾਨ ਹਨ ਜੋ ਸਾਰੀ ਉਮਰ ਜਪ ਤਪ ਕਰਦੇ ਰਹਿੰਦੇ ਹਨ, ਅਸੰਖ ਭਗਤ ਪੈਦਾ ਕੀਤੇ ਹਨ ਜੋ ਗਿਆਨੀ ਅਤੇ ਵਿਚਾਰਵਾਨ ਹਨ। ਅਣਗਿਣਤ ਹੀ ਦਾਤੇ ਹਨ। ਇਸ ਤਰ੍ਹਾਂ ਦੂਸਰੀ ਮੱਤ ਦੇ ਵੀ ਲੋਕ ਹਨ ਜੋ ਗ਼ਲਤ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ; ਜਿਵੇਂ ਕਿ ਚੋਰੀ, ਹਰਾਮ-ਖੋਰੀ, ਕਤਲ ਅਤੇ ਅਨੇਕ ਤਰ੍ਹਾਂ ਦੇ ਪਾਪ ਕਮਾਉਂਦੇ ਹਨ। ਇਹ ਅਕਾਲ ਪੁਰਖ ਦੀ ਵਿਸਮਾਦੀ ਰਚਨਾ ਹੈ। ਇਸ ਕਿਤਾਬ ਵਿੱਚ ਉਹਨਾਂ ਇਨਸਾਨਾਂ ਦੀ ਵਿਆਖਿਆ ਕਰਨੀ ਹੈ ਜਿਹਨਾਂ ਨੇ ਆਪਣੇ ਹਰ ਤਰ੍ਹਾਂ ਦੇ ਦੁਨਿਆਵੀ ਸੁਖ ਤਿਆਗ ਕੇ ਉਸ ਅਕਾਲ ਪੁਰਖ ਦੀ ਰਚਨਾ ਦੀ ਸੇਵਾ ਕੀਤੀ ਹੈ।

ਸਾਡੇ ਸਾਹਮਣੇ ਉਦਾਹਰਨ ਹੈ ਭਗਤ ਪੂਰਨ ਸਿੰਘ ਜੀ ਦੀ। ਉਹਨਾਂ

ਨੇ ਜਿੱਥੇ ਲਾਚਾਰਾਂ, ਬੇਆਸਰਿਆਂ, ਨਿਮਾਣਿਆਂ ਅਤੇ ਨਿਤਾਣਿਆਂ ਨੂੰ ਗਲੇ ਲਗਾਇਆ ਉੱਥੇ ਸਮਾਜ ਸੁਧਾਰ ਦਾ ਕੰਮ ਵੀ ਬੜੀ ਸ਼ਿੱਦਤ ਅਤੇ ਲਗਨ ਨਾਲ ਕੀਤਾ। ਉਹ ਕੰਮ ਭਾਵੇਂ ਵਾਤਾਵਰਨ ਦਾ ਹੋਵੇ, ਨਸ਼ਿਆਂ ਬਾਰੇ ਹੋਵੇ, ਅਰਥ-ਸ਼ਾਸ਼ਤਰ ਬਾਰੇ ਜਾਂ ਲੋਕਤੰਤਰ ਦੀਆਂ ਊਣਤਾਈਆਂ ਬਾਰੇ ਹੋਵੇ। ਉਨ੍ਹਾਂ ਨੇ ਆਪ ਵੀ ਲੇਖ ਲਿਖੇ ਅਤੇ ਹੋਰ ਵਿਦਵਾਨਾਂ ਦੇ ਲੇਖ ਵੀ ਅਖ਼ਬਾਰਾਂ ਅਤੇ ਰਸਾਲਿਆਂ ਵਿੱਚੋਂ ਪੜ੍ਹ ਕੇ, ਮੁੜ ਛਾਪ ਕੇ ਲੋਕਾਈ ਵਿੱਚ ਮੁਫ਼ਤ ਵੰਡੇ। ਇਸਦੇ ਨਾਲ-ਨਾਲ ਉਹਨਾਂ ਲੋਕਾਂ ਦੀਆਂ ਜੀਵਨੀਆਂ ਬਾਰੇ ਵੀ ਲੇਖ ਲਿਖੇ, ਜਿਨ੍ਹਾਂ ਨੇ ਆਪਣੇ ਸਾਰੇ ਦੁਨਿਆਵੀ ਸੁਖ ਅਰਾਮ ਛੱਡ ਕੇ ਸਿਰਜਣਹਾਰ ਦੀ ਰਚਨਾ ਨੂੰ ਸੁਖ ਪਹੁੰਚਾਉਣ ਵਾਸਤੇ ਭਾਈ ਗੁਰਦਾਸ ਜੀ ਦੇ ਕਥਨ ਮੁਤਾਬਿਕ ਸੇਵਾ ਕੀਤੀ।

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।**
**ਗੋਲਾ ਮੁਲ ਖਰੀਦੁ ਕਾਰੇ ਜੋਵਣਾ।**
**ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।**
**ਪੀਹਣਿ ਹੋਇ ਜਦੀਦ ਪਾਣੀ ਢੋਵਣਾ।**
**ਪਖੇ ਦੀ ਤਾਗੀਦ ਪਗ ਮਲਿ ਧੋਵਣਾ।**
**ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।**
**ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ।**
**ਚੰਦ ਮੁਮਾਰਖਿ ਈਦ ਪੁਗਿ ਖਲੋਵਣਾ ॥੧੮॥**

ਕੁਝ ਕੁ ਪ੍ਰੇਰਣਾ-ਸਰੋਤ ਇਨਸਾਨਾਂ ਬਾਰੇ ਭਗਤ ਪੂਰਨ ਸਿੰਘ ਜੀ ਨੇ ਇਕ ਕਿਤਾਬਚਾ **"ਜਤੀ ਸਤੀ ਰਹਿਣ ਵਾਲੇ ਮਨੁੱਖ ਅਤੇ ਇਸਤਰੀਆਂ"** ਦੇ ਸਿਰਲੇਖ ਹੇਠ ਛਾਪਿਆ। ਉਹਦੇ ਵਿੱਚ ਉਹਨਾਂ ਇਕ ਬੀਬੀ ਬਾਰੇ ਲੇਖ ਲਿਖਿਆ ਜਿਸਦਾ ਨਾਮ ਸੀ **'ਜੇਨ ਐਡਮਜ਼'**। ਉਹ ਲੇਖ ਛੋਟਾ ਜਿਹਾ ਹੈ ਜਿਹੜਾ ਮੈਂ ਇਨ-ਬਿਨ ਹੇਠਾਂ ਲਿਖ ਦਿੱਤਾ ਹੈ।






## ਬੀਬੀ ਜੇਨ ਐਡਮਜ਼ (Jane Addams)

ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਇਕ ਬੀਬੀ ਜੇਨ ਐਡਮਜ਼ ਹੋਈ ਹੈ। ਕੋਲੰਬਸ ਨੇ ਜਦੋਂ ਅਮਰੀਕਾ ਦੇਸ਼ ਦੀ ਢੂੰਡ ਕੀਤੀ ਤੇ ਯੂਰਪ ਦੇ ਵੱਖ-ਵੱਖ ਦੇਸ਼ਾਂ ਦੇ ਬੰਦਿਆਂ ਨੇ ਅਮਰੀਕਾ ਨੂੰ ਆਬਾਦ ਕੀਤਾ, ਤਾਂ ਇਸ ਗੱਲ ਦੀ ਲੋੜ ਮਹਿਸੂਸ ਹੋਈ ਕਿ ਅਜਿਹਾ ਸਮਾਜ ਸੇਵਾ ਦਾ ਡੇਰਾ ਬਣੇ ਜਿੱਥੇ ਬੇਆਸਰੇ ਜਾਂ ਮੁਸੀਬਤਾਂ ਵਿੱਚ ਫਸੇ ਬੰਦੇ, ਬੱਚੇ ਜਾਂ ਇਸਤਰੀਆਂ ਆਪਣੀ ਮੁਸੀਬਤ ਦਾ ਸਮਾਂ ਕੱਟ ਸਕਣ ਤੇ ਹਰ ਪ੍ਰਕਾਰ ਦੀ ਸਹਾਇਤਾ ਪ੍ਰਾਪਤ ਕਰ ਸਕਣ। ਇਸ ਕਾਰਜ ਲਈ ਅਮਰੀਕਾ ਦੀ ਇਕ ਪੜ੍ਹੀ ਲਿਖੀ ਕੰਵਾਰੀ ਲੜਕੀ ਜੇਨ ਐਡਮਜ਼ ਨੇ ਆਪਣੇ ਆਪ ਨੂੰ ਪੇਸ਼ ਕੀਤਾ ਤੇ ਉਸਨੇ ਇਸ




***ਹੱਲ ਹਾਊਸ (Hull House)***

ਕਾਰਜ ਲਈ ਸ਼ਿਕਾਗੋ ਸ਼ਹਿਰ ਵਿੱਚ ਇਕ ਆਸ਼ਰਮ ਬਣਾਇਆ, ਜਿਸ ਦਾ ਨਾਮ ਉਸਨੇ '**HULL HOUSE**' ਰੱਖਿਆ । ਇਸ ਬੀਬੀ ਦੀ ਅਮਰੀਕਾ ਵਿੱਚ ਏਨੀ ਪੂਜਾ ਹੋਈ ਕਿ ਉਸਨੂੰ ਅਮਰੀਕਾ ਦੇ ਪ੍ਰਧਾਨ ਨੇ ਬੁਲਾ ਕੇ ਕਿਹਾ, "ਬੀਬੀ ਮੈਂ ਵਿਦਵਾਨ ਹਾਂ ਤੇ ਅਮਰੀਕਾ ਦੇ ਭਲੇ ਵਾਸਤੇ ਬੜਾ ਕੁਝ ਸੋਚਣ ਦੀ ਯੋਗਤਾ ਰੱਖਦਾ ਹਾਂ । ਮੈਂ ਦੇਸ਼ ਦੇ ਭਲੇ ਵਾਸਤੇ ਕੁਝ ਗੱਲਾਂ ਜਨਤਾ ਅੱਗੇ ਰੱਖੀਆਂ ਹਨ । ਲੋਕ ਉਸਤਤੀ ਕਰਨ ਦੀ ਥਾਂ ਸਗੋਂ ਮੇਰੀ ਵਿਰੋਧਤਾ ਕਰਦੇ ਹਨ । ਬੀਬੀ ਤੂੰ ਦੱਸ ਕਿ ਤੂੰ ਕਿਹੜੇ ਗੁਣਾਂ ਨਾਲ ਸਾਰੇ ਦੇਸ਼ ਦੀ ਜਨਤਾ ਨੂੰ ਆਪਣੇ ਪਿੱਛੇ ਲਾ ਲਿਆ ਹੈ ਤੇ ਤੇਰੀ ਘਰ-ਘਰ ਵਿੱਚ ਪੂਜਾ ਹੋ ਰਹੀ ਹੈ ?" ਬੀਬੀ ਨੇ ਉੱਤਰ ਦਿੱਤਾ:

**"Mr. President people do not care for theories, they want to see men in action."**

ਅਰਥਾਤ "ਪ੍ਰਧਾਨ ਜੀ ਲੋਕੀ ਸਿਧਾਂਤਾਂ ਦੀ ਪਰਵਾਹ ਨਹੀਂ ਕਰਦੇ, ਉਹ ਤਾਂ ਬੰਦਿਆਂ ਦਾ ਅਮਲ ਦੇਖਣਾ ਚਾਹੁੰਦੇ ਹਨ ।"

ਭਗਤ ਪੂਰਨ ਸਿੰਘ ਜੀ ਬੜੇ ਚਾਅ ਨਾਲ ਇਹ ਕਿਤਾਬਚਾ ਕੁੜੀਆਂ ਨੂੰ ਦਿਆ ਕਰਦੇ ਸਨ । ਉਹਨਾਂ ਦੀ ਦਿਲੀ ਇੱਛਾ ਸੀ ਕਿ ਇਹ ਕਿਤਾਬਚਾ ਪੜ੍ਹ ਕੇ ਬੱਚੀਆਂ ਦੀ ਸੋਚ ਬਦਲ ਜਾਵੇਗੀ ਅਤੇ ਉਹ ਸਮਾਜ ਨੂੰ ਚੰਗੀ ਸੇਧ ਦੇਣ ਦੇ ਸਮਰੱਥ ਹੋ ਸਕਣਗੀਆਂ । ਮੈਂ ਵੀ ਇਹ ਕਿਤਾਬਚਾ ਪੜ੍ਹਿਆ ਅਤੇ ਕੁਝ ਗੁਣ ਗ੍ਰਹਿਣ ਕੀਤੇ ।

ਇਕ ਵਾਰੀ ਭਗਤ ਜੀ ਦੇ ਮਗਰੋਂ ਜਦੋਂ ਮੈਂ ਮੁੱਖ ਸੇਵਦਾਰ ਦੇ ਤੌਰ 'ਤੇ ਕਾਰਜ ਸੰਭਾਲਿਆ ਤਾਂ ਭਗਤ ਜੀ ਦੀ ਬਰਸੀ ਮਨਾਈ ਗਈ, ਤਾਂ ਮਨ ਵਿੱਚ ਵਿਚਾਰ ਆਇਆ ਕਿ ਜਨਮ ਦਿਨ ਵੀ ਮਨਾਉਣਾ ਚਾਹੀਦਾ ਹੈ । ਬਰਸੀ ਤਾਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਈ ਗਈ । ਮਨ ਵਿੱਚ ਖ਼ਿਆਲ ਆਇਆ ਕਿ ਭਗਤ ਜੀ ਦਾ ਜਨਮ ਦਿਨ ਅਸੀਂ ਸਾਰੇ ਸੇਵਾਦਾਰ ਰਲ ਕੇ ਮਨਾਇਆ ਕਰੀਏ । 4 ਜੂਨ ਨੂੰ ਅਸੀਂ ਸਾਰੇ ਸੇਵਾਦਾਰ ਇਕੱਠੇ ਹੋ ਕੇ ਭਗਤ ਜੀ ਨੂੰ ਯਾਦ ਕਰ ਰਹੇ ਸਾਂ । ਅਮਰੀਕਾ ਤੋਂ ਸ੍ਰ: ਗੁਰਚਰਨ ਸਿੰਘ ਜੀ ਆਏ ਜਿਹੜੇ ਭਗਤ ਜੀ ਦੇ ਸੇਵਾ ਦੇ ਕੰਮਾਂ ਤੋਂ ਬਹੁਤ ਪ੍ਰਭਾਵਿਤ ਸਨ । ਉਹਨਾਂ ਨੂੰ ਪਤਾ ਲੱਗਾ ਕਿ ਭਗਤ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ । ਉਹ ਵੀ ਸ਼ਾਮਲ ਹੋਏ, ਪਰ ਉਹਨਾਂ ਨੇ ਮਹਿਸੂਸ ਕੀਤਾ ਕਿ ਐਡੇ ਵੱਡੇ ਇਨਸਾਨ ਦਾ ਜਨਮ ਦਿਨ ਵੀ ਵੱਡੇ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਹੈ । ਅਮਰੀਕਾ ਜਾ ਕੇ ਉਹਨਾਂ ਨੇ ਆਪਣੇ ਸੰਗੀ-ਸਾਥੀਆਂ ਨਾਲ ਵਿਚਾਰ ਬਣਾਇਆ ਕਿ ਅਮਰੀਕਾ ਵਿੱਚ ਜਨਮ ਦਿਨ ਮਨਾਇਆ ਕਰੀਏ । ਉੱਥੇ ਪੈਲਾਟਾਈਨ ਸ਼ਹਿਰ ਜੋ ਕਿ ਸ਼ਿਕਾਗੋ ਦੇ ਨੇੜੇ ਹੈ । ਉੱਥੇ ਪੰਜਾਬ ਹੈਰੀਟੇਜ ਆਰਗੇਨਾਈਜੇਸ਼ਨ ਹੈ ਜਿਸ ਨੇ ਜਨਮ ਦਿਨ ਮਨਾਉਣ ਦਾ ਫ਼ੈਸਲਾ ਕੀਤਾ । ਦੋ-ਤਿੰਨ ਸਾਲ ਉਹ ਜਨਮ ਦਿਨ ਮਨਾਉਂਦੇ ਰਹੇ । ਫਿਰ ਉਹ ਵੀ ਬਰਸੀ ਮਨਾਉਣ ਲੱਗ ਪਏ ਹਨ । ਉਹਨਾਂ ਨੇ ਮੈਨੂੰ ਵੀ ਬਰਸੀ 'ਤੇ ਸੱਦਾ ਭੇਜਿਆ । ਮੈਂ ਉਹਨਾਂ ਦੇ ਸੱਦੇ 'ਤੇ ਅਮਰੀਕਾ ਗਈ । ਉਹਨਾਂ ਨੇ ਇਕ ਪ੍ਰੋਗਰਾਮ ਸ਼ਿਕਾਗੋ ਗੁਰਦੁਆਰੇ ਵਿੱਚ ਵੀ ਰੱਖਿਆ । ਸ਼ਿਕਾਗੋ ਸ਼ਹਿਰ ਦਾ ਨਾਮ ਲੈਂਦਿਆਂ ਹੀ ਧਿਆਨ '**ਹੱਲ ਹਾਊਸ**' ਵੱਲ ਚਲਾ ਗਿਆ । ਕੁਝ ਲੋਕਾਂ ਨਾਲ ਗੱਲ ਕੀਤੀ ਕਿ ਇੱਥੇ ਸ਼ਿਕਾਗੋ ਵਿੱਚ 'ਹੱਲ ਹਾਊਸ' ਹੋਣਾ ਚਾਹੀਦਾ ਹੈ, ਕਿਉਂਕਿ ਭਗਤ ਪੂਰਨ ਸਿੰਘ ਜੀ ਨੇ ਆਪਣੇ ਕਿਤਾਬਚੇ ਵਿੱਚ ਇਸ ਬਾਰੇ ਲੇਖ ਲਿਖਿਆ ਹੈ ।

ਪੈਲਾਟਾਈਨ ਸ਼ਹਿਰ ਵਿੱਚ ਰਿਟਾ: ਪ੍ਰੋਫ਼ੈਸਰ ਬਲਵੰਤ ਸਿੰਘ ਹਾਂਸਰਾ ਰਹਿੰਦੇ ਹਨ । ਉਹ ਪਿੰਗਲਵਾੜਾ ਸੰਸਥਾ ਨੂੰ ਬਹੁਤ ਪਿਆਰ ਕਰਦੇ ਹਨ । ਉਹਨਾਂ ਦੇ ਘਰ ਹੀ ਮੈਂ ਠਹਿਰੀ ਹੋਈ ਸੀ । ਮੈਂ ਉਹਨਾਂ ਨਾਲ ਜੇਨ ਐਡਮਜ਼ ਬਾਰੇ ਅਤੇ ਹੱਲ ਹਾਊਸ ਦੀ ਗੱਲ ਕੀਤੀ ਅਤੇ ਉੱਥੇ ਜਾਣ ਦੀ ਇੱਛਾ ਪ੍ਰਗਟ ਕੀਤੀ । ਉਹਨਾਂ ਨੇ ਇੰਟਰਨੈੱਟ 'ਤੇ ਲੱਭ ਲਿਆ ਅਤੇ ਪਤਾ ਲੱਗਿਆ ਕੇ ਜੇਨ ਐਡਮਜ਼ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੀ ਹੈ । ਹੁਣ

'ਹੱਲ ਹਾਊਸ' ਨੂੰ 'ਹੱਲ ਮਿਊਜ਼ੀਅਮ' ਬਣਾ ਦਿੱਤਾ ਗਿਆ ਹੈ। ਸਮਾਂ ਲੈ ਕੇ ਮੈਂ ਅਤੇ ਮੇਰੇ ਸਾਥੀ ਅਸੀਂ 'ਹੱਲ ਮਿਊਜ਼ੀਅਮ' ਵਿੱਚ ਪਹੁੰਚ ਗਏ। ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਵੇਖਿਆ ਕਿ ਉੱਥੇ ਕੰਮ ਕਰਨ ਵਾਲੇ ਇੰਟਰਨੈੱਟ ਰਾਹੀਂ ਪਿੰਗਲਵਾੜਾ ਸੰਸਥਾ ਦੀ ਜਾਣਕਾਰੀ ਲੈ ਰਹੇ ਸਨ।




ਏਦਾਂ ਹੱਲ ਹਾਊਸ ਤੇ ਪਿੰਗਲਵਾੜਾ ਸੰਸਥਾ ਦਾ ਮੇਲ ਹੋਇਆ। ਹੱਲ ਅਜਾਇਬ ਘਰ ਵਿੱਚ ਅਸੀਂ ਢਾਈ ਘੰਟੇ ਬਿਤਾਏ। ਉੱਥੇ ਬੀਬੀ ਜੇਨ ਐਡਮਜ਼ ਦੀਆਂ ਕਾਫ਼ੀ ਤਸਵੀਰਾਂ ਸਨ। ਅਜਾਇਬ ਘਰ ਕੋਈ ਬਹੁਤਾ ਵੱਡਾ ਨਹੀਂ ਸੀ ਪਰ ਉੱਥੋਂ ਗ੍ਰਹਿਣ ਕਰਨ ਲਈ ਬਹੁਤ ਕੁਝ ਸੀ। ਬੀਬੀ ਜੇਨ ਐਡਮਜ਼ ਦੀ ਤਪੱਸਿਆ ਰੂਪੀ ਸੇਵਾ ਦੀਆਂ ਕਈ ਕਹਾਣੀਆਂ ਲਿਖ ਕੇ ਲਾਈਆਂ ਹੋਈਆਂ ਸਨ। ਇਹ ਕਥਾਵਾਂ ਉਸ ਵੇਲੇ ਦੀਆਂ ਸਨ ਜਦੋਂ ਅਮਰੀਕਾ ਵਿੱਚ ਉਦਯੋਗਿਕ-ਕ੍ਰਾਂਤੀ **(Industrial Revolution)** ਆਈ। ਯੂਰਪ ਤੋਂ ਆਏ ਲੋਕ ਜਿਹੜੇ ਸ਼ਰਨਾਰਥੀ ਦੇ ਰੂਪ ਵਿੱਚ ਆਏ ਸਨ, ਉਹਨਾਂ ਨੂੰ ਕੰਮ ਚਾਹੀਦਾ ਸੀ ਅਤੇ ਕਾਰਖ਼ਾਨਿਆਂ ਦੇ ਮਾਲਕਾਂ ਨੂੰ ਕਾਮੇ ਚਾਹੀਦੇ ਸਨ। ਕਾਰਖ਼ਾਨਿਆਂ ਦੇ ਮਾਲਕ ਹਮੇਸ਼ਾਂ ਹੀ ਲੋਕਾਂ ਦੀ ਗ਼ਰੀਬੀ ਦਾ ਲਾਭ ਲਿਆ ਕਰਦੇ ਹਨ। ਉਹਨਾਂ ਵਿੱਚ ਇਨਸਾਨੀਅਤ ਦੇ ਦੁੱਖ-ਦਰਦ ਦੀ ਕੋਈ ਪਰਵਾਹ ਨਹੀਂ ਹੁੰਦੀ। ਨਿੱਕਿਆਂ-ਨਿੱਕਿਆਂ ਬੱਚਿਆਂ ਕੋਲੋਂ ਵੀ **18-18** ਘੰਟੇ ਕੰਮ ਲੈ ਲਿਆ ਕਰਦੇ ਹਨ। ਸ਼ਿਕਾਗੋ ਵਿੱਚ ਲੋਕਾਂ ਨੂੰ ਪਤਾ ਲੱਗ ਗਿਆ ਸੀ ਕਿ ਮੁਸੀਬਤ ਦੇ ਸਮੇਂ ਵਿੱਚ ਹੱਲ ਹਾਊਸ ਵਿੱਚ ਮਦਦ ਮਿਲ ਸਕਦੀ ਹੈ। ਦੋ

ਕਹਾਣੀਆਂ ਦਾ ਮੈਂ ਇੱਥੇ ਵੇਰਵਾ ਲਿਖਦੀ ਹਾਂ ।


ਇਕ ਬੱਚੇ ਨੇ ਦੁੱਧ ਦੀ ਬੋਤਲ ਚੁਰਾ ਲਈ, ਉਸਨੂੰ ਪੁਲਿਸ ਫੜ ਕੇ ਲੈ ਗਈ । ਜਦੋਂ ਜੇਨ ਐਡਮਜ਼ ਨੂੰ ਪਤਾ ਲੱਗਾ ਤਾਂ ਉਹ ਉਸ ਬੱਚੇ ਨੂੰ ਪੁਲਿਸ ਤੋਂ ਛੁਡਾ ਕੇ ਲਿਆਈ । ਉਹਦੀ ਮਾਂ ਨੂੰ ਬੁਲਾ ਕੇ ਦੱਸਿਆ ਕਿ ਕਿਹੜੀ ਜਗ੍ਹਾ ਤੋਂ ਦੁੱਧ ਸਸਤਾ ਮਿਲਦਾ ਹੈ ।

ਇਕ ਬੱਚੇ ਨੇ ਕੋਲੇ ਚੋਰੀ ਕਰ ਲਏ, ਉਸਨੂੰ ਵੀ ਪੁਲਿਸ ਫੜ ਕੇ ਲੈ ਗਈ । ਉਸਨੂੰ ਛੁਡਾਉਣ ਵਾਸਤੇ ਜੇਨ ਐਡਮਜ਼ ਗਈ । ਉਸ ਬੱਚੇ ਨੂੰ ਪੁੱਛਿਆ ਕਿ ਤੂੰ ਕੋਲੇ ਕਿਉਂ ਚੋਰੀ ਕੀਤੇ ਸਨ? ਉਸਨੇ ਦੱਸਿਆ ਕੇ ਮੇਰੀ ਦਾਦੀ ਬੁੱਢੀ ਹੈ, ਉਸਨੂੰ ਬਹੁਤ ਠੰਡ ਲੱਗਦੀ ਸੀ, ਇਸ ਲਈ ਮੈਂ ਕੋਲੇ ਚੋਰੀ ਕੀਤੇ ਸਨ । ਦਇਆਵਾਨ ਜੇਨ ਐਡਮਜ਼ ਨੂੰ ਰਫ਼ਿਊਜੀਆਂ ਦੀਆਂ ਤਕਲੀਫ਼ਾਂ ਦਾ ਅਨੁਭਵ ਸੀ; ਇਸ ਕਰਕੇ ਉਹਦਾ ਹਿਰਦਾ ਦ੍ਰਵ ਜਾਂਦਾ ਸੀ । ਇਸ ਲਈ ਉਹ ਲੋੜਵੰਦਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਲਈ ਤਤਪਰ ਰਹਿੰਦੀ ਸੀ । ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਇਹਨਾਂ ਇਨਸਾਨਾਂ ਨੂੰ ਬ੍ਰਹਮ ਗਿਆਨੀ ਦਾ ਦਰਜਾ ਦਿੰਦੇ ਹਨ । ਫ਼ਰਮਾਨ ਹੈ:

**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥**
**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (ਅੰ:੨੭੩)**
**ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥**
**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥ (ਅੰ:੨੭੩)**

ਕਿਹੋ ਜਿਹੇ ਵਾਤਾਵਰਨ ਵਿੱਚ ਗ਼ਰੀਬਾਂ ਨੂੰ ਕੰਮ ਕਰਨਾ ਪੈਂਦਾ ਸੀ ਬਿਆਨ ਕਰਦਿਆਂ ਵੀ ਘਬਰਾਹਟ ਹੁੰਦੀ ਹੈ । ਜਿੱਥੇ ਸਿਲਾਈ ਦਾ ਕੰਮ ਔਰਤਾਂ ਕੋਲੋਂ ਕਰਵਾਇਆ ਜਾਂਦਾ ਸੀ ਉੱਥੋਂ ਦੇ ਕਾਰਖ਼ਾਨਿਆਂ ਵਿੱਚ ਜਿਹੜੇ ਪਖ਼ਾਨੇ ਔਰਤਾਂ ਵਾਸਤੇ ਬਣਾਏ ਗਏ ਸੀ ਉਹਨਾਂ ਦੇ ਦਰਵਾਜ਼ੇ ਨਹੀਂ ਸੀ ਹੁੰਦੇ । ਕਾਰਨ ਇਹ ਕਿ ਜੇ ਦਰਵਾਜ਼ੇ ਲੱਗੇ ਹੋਣ ਤਾਂ ਔਰਤਾਂ ਪਖ਼ਾਨਿਆਂ ਵਿੱਚ ਜ਼ਿਆਦਾ ਸਮਾਂ ਲਗਾਉਂਦੀਆਂ ਹਨ । ਜੇ ਮਸ਼ੀਨ ਖ਼ਰਾਬ ਹੋ ਜਾਵੇ ਤਾਂ ਕੰਮ ਕਰਨ ਵਾਲੀਆਂ ਔਰਤਾਂ ਦੇ ਪੈਸੇ ਕੱਟ ਲਏ ਜਾਂਦੇ ਸਨ । ਕੰਮ ਵੀ 12 ਜਾਂ 14 ਘੰਟੇ ਲਿਆ ਜਾਂਦਾ ਸੀ, ਰੋਟੀ ਖਾਣ ਲਈ ਵੀ ਬਹੁਤ ਥੋੜ੍ਹਾ ਸਮਾਂ ਦਿੱਤਾ ਜਾਂਦਾ ਸੀ, ਕਰਮਚਾਰੀਆਂ ਨੂੰ ਆਪਸ ਵਿੱਚ ਗੱਲ ਵੀ ਨਹੀਂ ਸੀ ਕਰਨ ਦਿੱਤੀ ਜਾਂਦੀ । ਇਹ ਸਾਰੀਆਂ ਗੱਲਾਂ ਦਾ ਪਤਾ ਇਕ ਕਿਤਾਬ ਪੜ੍ਹਨ ਤੋਂ ਲੱਗਾ ਜਿਹੜੀ

ਹਿਲਡਾ ਸੱਤ ਪੋਲਾਚੈਕ (HILDA SATT POLACHECK) ਨੇ ਲਿਖੀ ਹੈ, ਜਿਸਦਾ ਨਾਮ ਹੈ "I CAME A STRANGER" ਮੈਂ ਇਕ ਅਜਨਬੀ ਦੀ ਤਰ੍ਹਾਂ ਅਮਰੀਕਾ ਵਿੱਚ ਆਈ ਅਤੇ ਹੱਲ ਹਾਊਸ ਦੀ ਕੁੜੀ ਦੀ ਕਹਾਣੀ ਲਿਖੀ ।





ਇਹਨਾਂ ਔਰਤਾਂ ਤੇ ਬੱਚਿਆਂ ਦੇ ਹੱਕਾਂ ਲਈ ਜੇਨ ਐਡਮਜ਼ ਨੇ ਲੜਾਈ ਲਈ, ਕਰਮਚਾਰੀਆਂ ਦੇ ਸੰਗਠਨ ਬਣਾਏ, ਫਿਰ ਇਹਨਾਂ ਦੇ ਕੰਮ ਲਈ ਸਾਫ਼ ਵਾਤਾਵਰਨ ਹੋਵੇ, ਕੰਮ ਦੇ ਘੰਟੇ ਨਿਯਤ ਹੋਣ, ਆਦਿ । ਇਸ ਸਭ ਲਈ ਕਾਨੂੰਨ ਬਣਵਾਏ । ਉੱਥੇ ਹੱਲ ਹਾਊਸ ਅਜਾਇਬ ਘਰ ਵਿੱਚ ਇਕ ਥਾਂ ਲਿਖਿਆ ਹੋਇਆ ਸੀ ਕਿ ਇਕ ਸਮੇਂ ਜੇਨ ਐਡਮਜ਼ ਨੂੰ ਅਮਰੀਕਾ ਦੀ ਸਭ ਤੋਂ ਵੱਧ ਖ਼ਤਰਨਾਕ ਔਰਤ ਸਮਝਿਆ ਜਾਂਦਾ ਸੀ ।

ਉਸ ਅਜਾਇਬ ਘਰ ਵਿੱਚ ਬਹੁਤ ਵਧੀਆ ਖੱਡੀਆਂ ਪਈਆਂ ਸਨ । ਸ਼ਾਇਦ ਉਸ ਉੱਤੇ ਸਿਲਕ ਦਾ ਕੱਪੜਾ ਬਣਾਇਆ ਜਾਂਦਾ ਸੀ । ਰਫ਼ਿਊਜੀਆਂ ਨੂੰ ਰੁਜ਼ਗਾਰ ਦੇਣ ਲਈ ਸਿਲਕ, ਖੱਦਰ ਅਤੇ ਉੱਨ ਦੀਆਂ ਖੱਡੀਆਂ ਵੀ ਲਾਈਆਂ ਹੋਈਆਂ ਸਨ । ਇੱਥੇ ਔਰਤਾਂ ਨੂੰ ਕੱਤਣ, ਬੁਣਨ ਅਤੇ ਰੰਗਣ ਦੀ ਸਿਖਲਾਈ ਦਿੱਤੀ ਜਾਂਦੀ ਸੀ । ਬੱਚਿਆਂ ਲਈ ਖ਼ਰੀਦਿਆ ਪਿਆਨੋ ਵੀ ਪਿਆ ਸੀ । ਬੱਚਿਆਂ ਨੂੰ ਪਿਆਨੋ ਵੀ ਵਜਾਉਣਾ ਸਿਖਾਇਆ ਜਾਂਦਾ ਸੀ ।



*ਹੱਲ ਹਾਊਸ ਮਿਊਜ਼ੀਅਮ ਵਿੱਚ ਪਈ ਖੱਡੀ ਅਤੇ ਪਿਆਨੋ ਵਜਾਉਂਦੇ ਹੋਏ ਬੱਚੇ*



**ਹੈਲਪਿੰਗ ਹੈਂਡਸ *(Helping Hands)***

ਉੱਥੇ ਇਕ ਮੇਜ਼ ਤੇ ਕਾਲੇ ਚਮਕੀਲੇ ਪੱਥਰ ਦੇ ਬਣਾਏ ਹੋਏ ਹੱਥ ਪਏ ਸੀ ਜੋ ਕਿ ਬਹੁਤ ਵਧੀਆ ਸੁਨੇਹਾ ਦੇ ਰਹੇ ਸੀ । ਸੁਨੇਹਾ ਲਿਖਿਆ ਸੀ **'ਮਦਦ ਕਰਨ ਵਾਲੇ ਹੱਥ' (Helping Hands)** । ਹੱਥ ਇਕੱਲਾ ਵੀ ਪਿਆ ਸੀ ਅਤੇ ਚਾਰ ਹੱਥ ਇਕੱਠੇ ਵੀ ਪਏ ਸੀ, ਜਿਹੜੇ ਮਿਲ-ਜੁਲ ਕੇ ਮਦਦ ਕਰਨ ਦੀ ਸ਼ਕਤੀ ਦਾ ਅਹਿਸਾਸ ਕਰਾਉਂਦੇ ਸੀ । ਇਹ ਪੱਥਰ ਘਾੜੇ ਲੂਈਸ ਬੋਰਜਿਓਸ ਨੇ ਜੇਨ ਐਡਮਜ਼ ਦੀ ਸ਼ਾਨ ਵਿੱਚ ਘੜੇ ਸੀ । ਲੂਈਸ ਬੋਰਜਿਓਸ ਸੰਸਾਰ ਭਰ ਵਿੱਚ ਜਾਣਿਆ ਜਾਂਦਾ ਇਕ ਬਹੁਤ ਵਧੀਆ ਕਲਾਕਾਰ ਸੀ ਜਿਹੜਾ ਫ਼ਰਾਂਸ ਵਿੱਚ ਪੈਦਾ ਹੋਇਆ ਅਤੇ ਕੰਮ ਉਸਨੇ ਨਿਊਯਾਰਕ **(New York)** ਵਿੱਚ ਕੀਤਾ ।

ਜੇਨ ਐਡਮਜ਼ ਬਿਨਾਂ ਥੱਕਿਆਂ ਹੀ ਦੂਜਿਆਂ ਨੂੰ ਮਿਲਣ ਲਈ ਅਤੇ ਉਹਨਾਂ ਦੀ ਮਦਦ ਲਈ ਤਤਪਰ ਰਹਿੰਦੀ ਸੀ । ਇਹ ਬੁੱਤ ਉਸਦੇ ਇਹਨਾਂ ਗੁਣਾਂ ਨੂੰ ਹੇਠ ਲਿਖੇ ਸ਼ਬਦਾਂ ਨਾਲ ਮਾਣ ਬਖ਼ਸ਼ਦੇ ਸੀ:

**"ਮੈਂ ਉਹ ਨਹੀਂ ਜੋ ਮੈਂ ਹਾਂ, ਮੈਂ ਉਹ ਹਾਂ ਜੋ ਮੈਂ ਆਪਣੇ ਹੱਥਾਂ ਨਾਲ ਕਰਦੀ ਹਾਂ ।"**

ਮੈਂ ਜਦੋਂ ਸ਼ਿਕਾਗੋ ਗਈ ਤਾਂ ਮੈਨੂੰ ਹੈਰਾਨੀ ਹੋਈ ਕਿ ਉੱਥੋਂ ਦੇ **NRI** ਵਸਨੀਕਾਂ ਨੂੰ ਜੇਨ ਐਡਮਜ਼ ਬਾਰੇ ਅਤੇ ਹੱਲ ਹਾਊਸ ਬਾਰੇ ਕੋਈ ਜਾਣਕਾਰੀ ਨਹੀਂ ਸੀ । ਮੇਰਾ ਸਿਰ ਉੱਥੇ ਭਗਤ ਪੂਰਨ ਸਿੰਘ ਜੀ ਨੂੰ ਯਾਦ ਕਰਕੇ ਬਾਰ-ਬਾਰ ਝੁਕ ਰਿਹਾ ਸੀ, ਕਿਉਂਕਿ ਉਹ ਕਦੇ ਅਮਰੀਕਾ ਨਹੀਂ ਗਏ; ਪਰ ਭਾਰਤ ਵਿੱਚ ਬੈਠਿਆਂ ਨੂੰ ਉੱਥੋਂ ਦੇ ਸਮਾਜ ਸੇਵਕਾਂ ਬਾਰੇ ਜਾਣਕਾਰੀ ਸੀ ਅਤੇ ਉਹਨਾਂ ਨੇ ਕਿਤਾਬਚਾ ਲਿਖ ਕੇ ਉਹਨਾਂ ਦੀ ਕੀਰਤੀ ਸੰਸਾਰ ਭਰ ਵਿੱਚ ਫੈਲਾਉਣ ਦੀ ਕੋਸ਼ਿਸ਼ ਕੀਤੀ । ਇਸ ਪਰਥਾਇ ਗੁਰਬਾਣੀ ਦਾ ਫ਼ਰਮਾਨ ਹੈ:

**"ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍ ॥**
**ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ੍ ॥" (ਅੰ:੧੪੧੬)**




**ਜੇਨ ਐਡਮਜ਼ ਮੈਮੋਰੀਅਲ ਵੂਮੈਨ ਪਾਰਕ ਅਤੇ ਗਾਰਡਨਜ਼**
**(Jane Addams Memorial Women's Park and Gardens)**

ਹੁਣ ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਜੇਨ ਐਡਮਜ਼ ਦੀ ਯਾਦ ਵਿੱਚ ਸ਼ਿਕਾਗੋ ਵਿੱਚ ਹੀ ਜੇਨ ਐਡਮਜ਼ ਮੈਮੋਰੀਅਲ ਵੂਮੈਨ ਪਾਰਕ ਅਤੇ ਗਾਰਡਨਜ਼ **(Jane Addams Memorial Women's Park and Gardens)** ਬਣਾਇਆ ਹੈ ਜਿਸਦਾ ਨਾਮ ਉਹਨਾਂ ਨੇ ਹੈਲਪਿੰਗ ਹੈਂਡਜ਼ **(Helping Hands)** ਰੱਖਿਆ ਹੈ । ਉਹਨਾਂ ਨੇ ਇਕ ਨਵਾਂ ਤਰੀਕਾ ਈਜਾਦ ਕੀਤਾ ਜਿਸਦਾ ਨਾਮ ਉਹਨਾਂ ਨੇ **'Statue Stories Chicago'** ਰੱਖਿਆ । ਇਸ ਪ੍ਰੋਗਰਾਮ ਰਾਹੀਂ ਇਸ ਪਾਰਕ ਵਿੱਚ ਆਉਣ ਵਾਲੇ ਯਾਤਰੀ ਇਹਨਾਂ ਬੁੱਤਾਂ ਤੋਂ ਨੋਬਲ ਇਨਾਮ ਜੇਤੂ ਅਤੇ ਸਮਾਜ ਸੁਧਾਰਕ ਜੇਨ ਐਡਮਜ਼ ਬਾਰੇ ਆਪਣੇ ਮੋਬਾਈਲ ਫ਼ੋਨ ਤੋਂ ਇਕ ਕਾਲ ਰਾਹੀਂ ਜਾਣਕਾਰੀ ਲੈ ਸਕਣਗੇ । ਇਸਦਾ ਨਾਮ ਉਹਨਾਂ ਨੇ **"ਮਦਦ ਕਰਨ ਵਾਲੇ ਹੱਥ ਜਿਹੜੇ ਗੱਲ ਕਰਦੇ ਹਨ" (Helping Hands that talk)** ਰੱਖਿਆ । ਇਹ ਪ੍ਰੋਜੈਕਟ **6 ਅਗਸਤ 2015** ਵਿੱਚ ਸ਼ੁਰੂ ਹੋਇਆ।



**ਬੀਬੀ ਜੇਨ ਐਡਮਜ਼ ਦੀ "ਗੱਲਾਂ ਕਰਦੇ ਬੁੱਤ" ਦੀ ਤਸਵੀਰ**

ਅਜਾਇਬ ਘਰ ਵਿੱਚ ਕਿਧਰੇ ਲਿਖਿਆ ਹੋਇਆ ਸੀ ਕਿ ਇਕ ਕਿਤਾਬ ਇਕ ਔਰਤ ਜਿਸਦਾ ਨਾਮ ਹਿਲਡਾ ਸੱਤ ਪੋਲਾਚੈਕ ਸੀ ਨੇ ਜੇਨ ਐਡਮਜ਼ 'ਤੇ ਲਿਖੀ ਹੈ, ਜਿਸਦਾ ਨਾਮ '**ਆਈ ਕੇਮ ਏ ਸਟਰੇਂਜਰ**' **(I came a stranger)** ਅਤੇ ਹੱਲ ਹਾਊਸ ਦੀ ਕੁੜੀ ਦੀ ਕਹਾਣੀ ਲਿਖੀ ਹੈ। ਕਰਮਚਾਰੀਆਂ ਤੋਂ ਪੁੱਛਿਆ ਕਿ ਇਹ ਕਿਤਾਬ ਕਿੱਥੋਂ ਮਿਲ ਸਕਦੀ ਹੈ। ਉਹਨਾਂ ਦੱਸਿਆ ਕਿ ਨਾਲ ਹੀ 'ਸ਼ਿਕਾਗੋ ਯੂਨੀਵਰਸਿਟੀ' ਹੈ, ਓਥੋਂ ਮਿਲ ਸਕਦੀ ਹੈ। ਜੋ ਸਾਥੀ ਮੇਰੇ ਨਾਲ ਗਏ ਸੀ ਅਤੇ ਓਥੋਂ ਦੇ ਰਹਿਣ ਵਾਲੇ ਸੀ ਝੱਟ ਹੀ ਇਹ ਕਿਤਾਬ ਮੰਗਵਾ ਦਿੱਤੀ।

ਅਸੀਂ ਹੱਲ ਹਾਊਸ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਫੋਟੋਆਂ ਖਿੱਚੀਆਂ ਸਨ। ਮਨ ਸੀ ਕਿ ਜੇਨ ਐਡਮਜ਼ ਬਾਰੇ ਹੋਰ ਲਿਖਿਆ ਜਾਵੇ। ਹੁਣ ਮੇਰੇ ਕੋਲ ਕਾਫ਼ੀ ਸਮੱਗਰੀ ਇਕੱਠੀ ਹੋ ਗਈ ਸੀ। ਪਰ ਪਿੰਗਲਵਾੜਾ ਸੰਸਥਾ ਵਿੱਚ ਕੰਮਾਂ ਦੇ ਰੁਝੇਵਿਆਂ ਕਰਕੇ ਦੋ ਸਾਲ ਲੰਘ ਗਏ। ਇਸ ਸਮੇਂ ਵਿੱਚ ਮੈਡਮ ਰਿਤੂ ਸ਼ਰਮਾ ਮੇਰੇ ਕੋਲ ਰਹਿਣ ਲੱਗ ਪਈ। ਉਸਨੂੰ ਬਹੁਤ ਸ਼ੌਕ ਹੈ ਪੜ੍ਹਨ ਲਿਖਣ ਦਾ। ਉਸਨੂੰ ਬੇਨਤੀ ਕੀਤੀ ਕਿ ਮੇਰੇ ਲਈ ਇਹ ਕਿਤਾਬ ਪੜ੍ਹ ਦੇਵੇ। ਉਸਨੇ ਉਹ ਕਿਤਾਬ ਪੜ੍ਹੀ ਅਤੇ ਕਈ ਜ਼ਰੂਰੀ ਵਿਸ਼ੇ ਮੇਰੇ ਨਾਲ ਸਾਂਝੇ ਕੀਤੇ। ਫਿਰ ਵੀ ਲਿਖਣ ਦਾ ਸਮਾਂ ਨਹੀਂ ਸੀ ਮਿਲ ਰਿਹਾ। ਇਕ ਦਿਨ ਪ੍ਰੋਫ਼ੈਸਰ ਸਰਬਜੀਤ ਸਿੰਘ ਛੀਨਾ ਆਏ, ਉਹਨਾਂ ਨੂੰ ਬੇਨਤੀ ਕੀਤੀ ਕਿ ਇਹ ਕਿਤਾਬ ਪੜ੍ਹ ਕੇ ਇਸ ਵਿੱਚੋਂ ਜ਼ਰੂਰੀ ਅੰਸ਼ ਪੰਜਾਬੀ ਵਿੱਚ ਲਿਖ ਦਿਓ। ਉਹਨਾਂ ਨੇ ਬਹੁਤ ਮਿਹਨਤ ਕਰਕੇ ਪੰਜਾਬੀ ਵਿੱਚ ਅਨੁਵਾਦ ਕਰ ਦਿੱਤਾ। ਇਸ ਕਿਤਾਬ ਵਿੱਚ ਮੈਡਮ ਹਿਲਡਾ ਨੇ ਆਪਣੇ ਬਾਰੇ ਜ਼ਿਆਦਾ ਲਿਖਿਆ ਹੈ। ਇਕ ਕਿਸਮ ਦੀ ਉਸਦੀ ਜੀਵਨੀ ਬਾਰੇ ਕਿਤਾਬ ਹੈ, ਪਰ ਮੈਂ ਜੇਨ ਐਡਮਜ਼ ਨੂੰ ਹੀ ਪ੍ਰਮੁੱਖਤਾ ਦੇਣਾ ਚਾਹੁੰਦੀ ਸੀ, ਇਸ ਲਈ ਮੈਂ ਇਹ ਕਿਤਾਬ ਲਿਖੀ। ਹਿਲਡਾ ਦੀ ਕਿਤਾਬ ਵਿੱਚੋਂ ਕਾਫ਼ੀ ਸਮੱਗਰੀ ਇਸ ਕਿਤਾਬ ਵਾਸਤੇ ਲਈ। ਇਸ ਤੋਂ ਬਾਅਦ ਮੈਂ ਹਿਲਡਾ ਦੀ ਕਿਤਾਬ ਵਿੱਚੋਂ ਜ਼ਰੂਰੀ ਅੰਸ਼ ਪਾਠਕਾਂ ਨਾਲ ਸਾਂਝੇ ਕਰਾਂਗੀ।

ਹਿਲਡਾ ਲਿਖਦੀ ਹੈ ਕਿ ਉਹ ਯਹੂਦੀ ਸਨ ਅਤੇ ਪੋਲੈਂਡ ਵਿੱਚ ਰਹਿੰਦੇ ਸਨ। ਉੱਥੋਂ ਦੀ ਸਰਕਾਰ ਫੌਜ ਵਿੱਚ ਨੌਕਰੀ ਕਰਨ ਲਈ ਆਦਮੀਆਂ ਨੂੰ ਮਜਬੂਰ ਕਰਦੀ ਸੀ। ਹਿਲਡਾ ਦਾ ਪਿਤਾ ਬੁੱਤ-ਤਰਾਸ਼ ਸੀ, ਉਹ ਕਬਰਾਂ 'ਤੇ ਪੱਥਰ ਲਾਉਣ ਦਾ ਕਾਰੀਗਰ ਸੀ। ਉਹ ਪੜ੍ਹਿਆ ਲਿਖਿਆ ਨਹੀਂ ਸੀ ਅਤੇ ਨਾ ਹੀ ਕਦੇ ਕਿਸੇ ਆਰਟ ਸਕੂਲ ਵਿੱਚ ਗਿਆ ਸੀ, ਪਰ ਉਸ ਕੋਲ ਹੁਨਰ ਸੀ। ਉਸਨੇ ਹਿਲਡਾ ਨੂੰ ਦੱਸਿਆ ਕਿ ਵਿਆਹੀਆਂ ਹੋਈਆਂ ਔਰਤਾਂ ਦੀਆਂ ਕਬਰਾਂ 'ਤੇ ਮੋਮਬੱਤੀਆਂ ਜਗਾਉਣ ਦੀ ਜਗ੍ਹਾ ਬਣਾਈ ਜਾਂਦੀ ਹੈ ਅਤੇ

ਜਵਾਨਾਂ ਦੀਆਂ ਕਬਰਾਂ ਉੱਤੇ ਟੁੱਟੇ ਹੋਏ ਦਰੱਖ਼ਤਾਂ ਦੀਆਂ ਤਸਵੀਰਾਂ ਬਣਾਈਆਂ ਜਾਂਦੀਆਂ ਹਨ। ਈਸਾਈਆਂ ਅਤੇ ਯਹੂਦੀਆਂ ਵਿੱਚ ਬਹੁਤ ਨਫ਼ਰਤ ਸੀ। ਪੋਲੈਂਡ ਵਿੱਚ ਰੂਸੀਆਂ ਅਤੇ ਜਰਮਨੀਆਂ ਦਾ ਬੋਲ-ਬਾਲਾ ਸੀ। ਇਸ ਲਈ ਜਿੱਥੇ ਹਿਲਡਾ ਅਤੇ ਉਸਦਾ ਪਰਿਵਾਰ ਰਹਿੰਦਾ ਸੀ ਉੱਥੇ ਬਦ-ਅਮਨੀ ਸੀ। ਹਿਲਡਾ ਦਾ ਪਿਤਾ ਦਿਨ ਵਿੱਚ ਤਿੰਨ ਵਾਰ ਅਮਨ ਲਈ ਅਰਦਾਸ ਕਰਦਾ ਸੀ। ਇਸ ਲਈ ਉਸਦੇ ਬਾਪ ਨੇ ਪੋਲੈਂਡ ਛੱਡ ਕੇ ਅਮਰੀਕਾ ਵਿੱਚ ਵੱਸਣ ਦਾ ਵਿਚਾਰ ਬਣਾ ਲਿਆ; ਭਾਵੇਂ ਉਸਨੂੰ ਇਸ ਕੰਮ ਲਈ ਰਿਸ਼ਵਤ ਵੀ ਦੇਣੀ ਪਈ। ਪੋਲੈਂਡ ਵਿੱਚ ਉਹਨਾਂ ਦੀ ਚੰਗੀ ਕਮਾਈ ਸੀ। ਉੱਥੋਂ ਸਾਰਾ ਕੁਝ ਵੇਚ-ਵੱਟ ਕੇ ਅਮਰੀਕਾ ਵਿੱਚ ਰਫ਼ਿਊਜੀ ਦੀ ਤਰ੍ਹਾਂ ਆਏ। ਰਫ਼ਿਊਜੀਆਂ ਨੂੰ ਕਿੰਨੀਆਂ ਮੁਸੀਬਤਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ, ਉਸਦਾ ਹਵਾਲਾ ਮੈਂ ਸੰਖੇਪ ਵਿੱਚ ਦੇਣਾ ਚਾਹੁੰਦੀ ਹਾਂ।

ਘਰ ਛੱਡਣਾ ਵੀ ਔਖਾ ਹੁੰਦਾ ਹੈ। ਹਿਲਡਾ ਲਿਖਦੀ ਹੈ ਕਿ ਉਸਦੀ ਮਾਂ ਘਰ ਨਹੀਂ ਸੀ ਛੱਡਣਾ ਚਾਹੁੰਦੀ, ਕਿਉਂਕਿ ਉਸਦੇ ੬ ਬੱਚੇ ਉੱਥੇ ਕਬਰਾਂ ਵਿੱਚ ਦਫ਼ਨਾਏ ਗਏ ਸੀ। ਦਾਦੀ ਵੀ ਨਹੀਂ ਸੀ ਚਾਹੁੰਦੀ ਕਿ ਘਰ ਛੱਡਿਆ ਜਾਵੇ, ਕਿਉਂਕਿ ਉਸਦੇ ਸੱਤ ਲੜਕਿਆਂ ਵਿੱਚੋਂ ਇਕ ਉਸਦਾ ਬਾਪ ਹੀ ਬਚਿਆ ਸੀ ਅਤੇ ਉਹ ਵੀ ਜਾ ਰਿਹਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਪੋਲੈਂਡ ਵਿੱਚ ਬੱਚਿਆਂ ਦੀ ਮੌਤ ਦਰ ਕਿੰਨੀ ਜ਼ਿਆਦਾ ਸੀ। ਉਸ ਵੇਲੇ ਹਵਾਈ ਜਹਾਜ਼ ਵੀ ਨਹੀਂ ਸਨ। ਇਸ ਲਈ ਸਮੁੰਦਰੀ ਜਹਾਜ਼ ਰਾਹੀਂ ਹੀ ਇਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਜਾਣਾ ਪੈਂਦਾ ਸੀ। ਇਸ ਲਈ ਸਫ਼ਰ ਕਈ ਦਿਨਾਂ ਦਾ ਹੋ ਜਾਂਦਾ ਸੀ। ਯਹੂਦੀ ਵੀ ਖਾਣ-ਪੀਣ ਲਈ ਨਿਰਧਾਰਤ ਖਾਣਾ ਹੀ ਖਾਂਦੇ ਸੀ, ਜਿਸ ਖਾਣੇ ਨੂੰ ਕੋਸ਼ਰ ਖਾਣਾ ਕਿਹਾ ਜਾਂਦਾ ਸੀ, ਉਹ ਖਾਣਾ ਉਹ ਨਹੀਂ ਸਨ ਖਾਂਦੇ। ਇਸ ਵਹਿਮ ਕਰਕੇ ਵੀ ਇਹਨਾਂ ਲੋਕਾਂ ਨੂੰ ਭੁੱਖਾ ਰਹਿਣਾ ਪੈਂਦਾ ਸੀ।

ਇਸ ਪਰਿਵਾਰ ਨੂੰ ਹੋਰ ਰਫ਼ਿਊਜੀਆਂ ਵਾਂਙ ਜਿਊਣ ਲਈ, ਖਾਣ ਲਈ ਅਤੇ ਜ਼ਰੂਰਤਾਂ ਪੂਰੀਆਂ ਕਰਨ ਲਈ ਛੋਟੇ-ਛੋਟੇ ਕੰਮ ਕਰਨੇ ਪੈਂਦੇ ਸਨ। ਜਲਦੀ ਹੀ ਹਿਲਡਾ ਦਾ ਪਿਤਾ ਬਿਮਾਰ ਰਹਿ ਕੇ ਮਰ ਗਿਆ ਅਤੇ ਮਾਂ ਨੂੰ ਜ਼ਿਆਦਾ ਕੰਮ ਕਰਨਾ ਪਿਆ। ਹਿਲਡਾ ਲਿਖਦੀ ਸੀ ਕਿ ਜਦੋਂ ਮੇਰੀ ਭੈਣ ੧੪ ਸਾਲ ਦੀ ਹੋ ਗਈ ਤਾਂ ਉਸਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੰਜ ਸੈਂਟ ਬਚਾਉਣ ਖ਼ਾਤਰ ਉਹ ਫੈਕਟਰੀ ਜੋ ਕਿ ਇਕ ਮੀਲ ਦੂਰੀ ’ਤੇ ਸੀ ਤੁਰ ਕੇ ਜਾਂਦੀ ਸੀ। ਘਰ ਆ ਕੇ ਵੀ ਸਿਲਾਈ ਦਾ ਕੰਮ ਕਰਦੀ ਸੀ। ਇਕ ਦਿਨ ਹਿਲਡਾ ਨੇ ਦੇਖਿਆ ਕਿ ਉਹਦੀ ਭੈਣ ਕੰਮ ਕਰਦਿਆਂ ਅੱਥਰੂ ਕੇਰ ਰਹੀ ਸੀ। ਹਿਲਡਾ ਵੀ ਆਪਣੇ ਮੰਜੇ ’ਤੇ ਆ ਕੇ ਰੋਣ ਲੱਗ ਪਈ। ਦੂਜੇ ਦਿਨ

ਸਕੂਲ ਚਲੀ ਗਈ ਤੇ ਰੋਣਾ ਭੁੱਲ ਗਈ । **ਰੋਣ ਨੂੰ ਭੁੱਲਣਾ ਬੱਚਿਆਂ ਲਈ ਵਰਦਾਨ ਹੈ ।**

ਹਿਲਡਾ ਲਿਖਦੀ ਹੈ ਕਿ ਮੈਨੂੰ ਆਪਣੀ ਅਧਿਆਪਕ ਤੋਂ ਹੀ ਪਤਾ ਲੱਗਾ ਕਿ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ, ਜਿਸ ’ਤੇ ਮੈਨੂੰ ਬਹੁਤ ਹੈਰਾਨੀ ਹੋਈ ।

ਫ਼ਰਵਰੀ 1898 ਵਿੱਚ ਜੰਗ ਲੱਗ ਗਈ । ਲੋਕੀਂ ਸਪੇਨ ਨੂੰ ਨਫ਼ਰਤ ਕਰਨ ਲੱਗ ਪਏ, ਕਿਉਂਕਿ ਉਸਨੇ ਜੰਗ ਛੇੜੀ ਸੀ । ਹਿਲਡਾ ਨੇ ਆਪਣੀ ਮਾਂ ਨੂੰ ਪੁੱਛਿਆ ਕਿ ਜੰਗ ਕਿਉਂ ਹੁੰਦੀ ਹੈ । ਉਸਨੇ ਦੱਸਿਆ ਕਿ ਜਦੋਂ ਦੇਸ਼ਾਂ ਦੇ ਬਾਦਸ਼ਾਹ ਜਾਂ ਹੁਕਮਰਾਨ ਆਪਸ ਵਿੱਚ ਨਫ਼ਰਤ ਕਰਦੇ ਹਨ ਤਾਂ ਜੰਗ ਛੇੜ ਦਿੰਦੇ ਹਨ । ਹਿਲਡਾ ਲਿਖਦੀ ਹੈ ਕਿ ਜਦੋਂ ਉਹਦਾ ਬਾਪ ਜਿਊਂਦਾ ਸੀ ਤਾਂ ਉਹ ਬੱਚਿਆਂ ਦਾ ਬਹੁਤ ਧਿਆਨ ਰੱਖਦਾ ਸੀ । ਕੋਲੰਬਸ ਜਿਸਨੇ 400 ਸਾਲ ਪਹਿਲਾਂ ਅਮਰੀਕਾ ਨੂੰ ਲੱਭਿਆ ਸੀ, ਉਸਦੀ ਯਾਦ ਵਿੱਚ 12 ਅਕਤੂਬਰ ਨੂੰ ਦਿਨ ਚੜ੍ਹੇ ਹੀ ਪਰੇਡ ਸ਼ੁਰੂ ਹੋ ਗਈ ਸੀ ਜੋ ਬਹੁਤ ਖ਼ੂਬਸੂਰਤ ਪਰੇਡ ਸੀ । ਫਿਰ ਮਈ 1893 ਨੂੰ ਸੰਸਾਰ ਮੇਲਾ ਸ਼ੁਰੂ ਹੋ ਗਿਆ । ਬਹੁਤ ਸਾਰੇ ਵਾਕਫ਼ ਦੂਰ ਨੇੜੇ ਤੋਂ ਸਾਡੇ ਘਰ ਆ ਗਏ । ਮਾਂ ਨੇ ਕੁਰਸੀਆਂ ਜੋੜ ਕੇ ਮੰਜੀਆਂ ਬਣਾ ਦਿੱਤੀਆਂ ਤਾਂ ਕਿ ਉਹ ਤੰਗ ਨਾ ਹੋਣ । ਸ਼ਾਮ ਨੂੰ ਜਦੋਂ ਹਨੇਰਾ ਹੋਣ ਲੱਗਿਆ ਤਾਂ ਹਜ਼ਾਰਾਂ ਰੋਸ਼ਨੀਆਂ ਜਗ ਪਈਆਂ, ਜਿਸ ਨਾਲ ਜਗ-ਮਗ ਹੋ ਗਈ । ਇਸ ਤਰ੍ਹਾਂ ਲੱਗਦਾ ਸੀ ਜਿਵੇਂ ਸਵਰਗ ਵਿੱਚ ਪਹੁੰਚ ਗਏ ਹੋਈਏ । ਸਾਡੇ ਬਾਪ ਨੇ ਦੱਸਿਆ ਇਹ ਰੋਸ਼ਨੀਆਂ ਸਿਰਫ਼ ਸਵਿੱਚ ਦੱਬਣ ਨਾਲ ਹੋਈਆਂ ਸਨ । ਇਸ ਗੱਲ ਤੋਂ ਅਨੁਮਾਨ ਲੱਗਦਾ ਹੈ ਕਿ ਉਦੋਂ ਬਿਜਲੀ ਆਮ ਨਹੀਂ ਸੀ ਹੋਈ । ਮੇਲੇ ਵੇਲੇ ਲੋਕਾਂ ਨੂੰ ਚੰਗਾ ਰੁਜ਼ਗਾਰ ਮਿਲਿਆ ਹੋਇਆ ਸੀ ।

## ਹੱਲ ਹਾਊਸ ਬਾਰੇ ਜਾਣਕਾਰੀ :-

ਹਿਲਡਾ ਨੂੰ ਉਸਦੀ ਸਹੇਲੀ ਕ੍ਰਿਸਮਸ ’ਤੇ ਹੱਲ ਹਾਊਸ ਲੈ ਗਈ । ਹਿਲਡਾ ਕਿਉਂਕਿ ਯਹੂਦੀ ਸੀ ਉਹ ਕ੍ਰਿਸਮਸ ਨਹੀਂ ਸਨ ਮਨਾਉਂਦੇ । ਉਸਦੀ ਸਹੇਲੀ ਨੇ ਦੱਸਿਆ ਕਿ ਉੱਥੇ ਬਹੁਤ ਸਾਰੇ ਲੋਕ ਆਉਂਦੇ ਸਨ ਅਤੇ ਨਫ਼ਰਤ ਵਾਲੀ ਕੋਈ



ਹੱਲ ਹਾਊਸ ਵਿੱਚ ਕ੍ਰਿਸਮਸ ਦਾ ਦਰੱਖ਼ਤ

ਗੱਲ ਨਹੀਂ ਹੁੰਦੀ । ਹਿਲਡਾ ਆਪਣੀ ਮਾਂ ਨੂੰ ਦੱਸੇ ਬਗੈਰ ਹੀ ਗਈ । ਹਿਲਡਾ ਲਿਖਦੀ ਹੈ ਕਿ ਹੱਲ ਹਾਊਸ ਵਿੱਚ ਮੈਂ ਕ੍ਰਿਸਮਸ ਦੇ ਦੋ ਦਰੱਖ਼ਤ ਦੇਖੇ ਜੋ ਚਿੱਟੀ ਬਰਫ਼ ਨਾਲ ਲੱਦੇ ਜਾਪਦੇ ਸਨ । ਮੈਂ ਪਹਿਲੀ ਵਾਰ ਉਸ ਕਮਰੇ ਵਿੱਚ ਗਈ ਜਿੱਥੇ ਕ੍ਰਿਸਮਸ ਦਰੱਖ਼ਤ ਸੀ । ਸਭ ਲੋਕ ਇਕ ਦੂਜੇ ਨਾਲ ਗੱਲਾਂ ਕਰ ਰਹੇ ਸਨ । ਉਹਨਾਂ ਵਿੱਚ ਬੱਚਿਆਂ ਦੇ ਮਾਂ-ਬਾਪ ਵੀ ਸਨ । ਉਹ ਲੋਕ ਵੱਖ-ਵੱਖ ਦੇਸ਼ਾਂ ਜਿਵੇਂ—ਰੂਸ, ਪੋਲੈਂਡ, ਇਟਲੀ, ਜਰਮਨੀ, ਆਇਰਲੈਂਡ, ਇੰਗਲੈਂਡ ਅਤੇ ਕਈ ਹੋਰ ਦੇਸ਼ਾਂ ਦੇ ਸਨ । ਕੋਈ ਤਨਾਅ ਨਹੀਂ ਸੀ ਅਤੇ ਇਸਨੇ ਮੈਨੂੰ ਕਈ ਵਹਿਮਾਂ ਵਿੱਚੋਂ ਕੱਢ ਦਿੱਤਾ ।

ਫਿਰ ਇਕ ਔਰਤ ਆਈ ਜਿਸ ਦਾ ਨਾਂ ਜੇਨ-ਐਡਮਜ਼ ਸੀ । ਮੈਨੂੰ ਉਸ ਦੀਆਂ ਅੱਖਾਂ ਬਹੁਤ ਮਿਹਰਬਾਨ ਲੱਗੀਆਂ । ਅਮਰੀਕਾ ਵਿੱਚ ਆਉਣ ਤੋਂ ਬਾਅਦ ਇਹ ਦੂਸਰੀ ਔਰਤ ਸੀ ਜੋ ਮੈਨੂੰ ਬਹੁਤ ਚੰਗੀ ਲੱਗੀ । ਪਹਿਲੀ ਮੇਰੀ ਅਧਿਆਪਕ ਟੋਰੈਂਸ ਸੀ । ਜੇਨ-ਐਡਮਜ਼ ਨੇ ਆਉਂਦਿਆਂ ਹੀ ਕਿਹਾ ਕਿ ਮੈਨੂੰ ਬਹੁਤ ਖ਼ੁਸ਼ੀ ਹੋਈ ਹੈ ਕਿ ਤੁਸੀਂ ਸਾਰੇ ਆਏ ਹੋ ।

ਬਹੁਤ ਸਾਰੇ ਬੱਚੇ ਧਾਰਮਿਕ ਗੀਤ ਗਾ ਰਹੇ ਸਨ । ਉਹ ਬਹੁਤ ਚੰਗੇ ਲੱਗ ਰਹੇ ਸਨ, ਬੱਚੇ ਬਹੁਤ ਪਿਆਰੇ ਲੱਗ ਰਹੇ ਸਨ । ਉਹਨਾਂ ਵਿੱਚ ਕੋਈ ਦੁਸ਼ਮਣੀ, ਕੋਈ ਈਰਖਾ ਨਹੀਂ ਸੀ ਜਿਹੜੀ ਪੋਲੈਂਡ ਵਿੱਚ ਹੁੰਦੀ ਸੀ । ਸਭ ਕਿੰਨੇ ਚੰਗੇ ਅਤੇ ਪਿਆਰੇ ਮਾਹੌਲ ਵਿੱਚ ਮਿਲ ਰਹੇ ਸਨ । ਮੇਰੇ ਸਭ ਭਰਮ, ਵਹਿਮ ਦੂਰ ਹੋ ਗਏ । ਮੇਰੇ ਵਾਂਗ ਹੀ ਇਹ ਬੱਚੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਸਨ ਅਤੇ ਇਹ ਸਭ ਜੇਨ ਐਡਮਜ਼ ਦੇ ਪ੍ਰਾਹੁਣੇ ਸਨ; ਭਾਵੇਂ ਉਹ ਸਭ ਗ਼ਰੀਬ ਸਨ ਅਤੇ ਕਈਆਂ ਦੇ ਬੂਟ ਪਾਟੇ ਹੋਏ ਸਨ, ਪਰ ਉਹਨਾਂ ਦੇ ਮਨਾਂ ਵਿੱਚ ਕੋਈ ਡਰ ਨਹੀਂ ਸੀ, ਜਿਸ ਨੂੰ ਜੇਨ ਐਡਮਜ਼ ਨੇ ਦੂਰ ਕਰ ਦਿੱਤਾ ਸੀ ।



ਜੇਨ ਐਡਮਜ਼ ਬੱਚਿਆਂ ਨਾਲ ਗੱਲਬਾਤ ਕਰਦੇ ਹੋਏ

**ਮਨੁੱਖਤਾ ਦੀ ਇਸ ਤੋਂ ਵੱਧ ਸੇਵਾ ਕੀ ਹੋ ਸਕਦੀ ਹੈ ਕਿ ਲੋਕਾਂ ਦੇ ਹਿਰਦਿਆਂ ਵਿੱਚੋਂ ਡਰ ਨੂੰ ਖ਼ਤਮ ਕਰ ਦਿੱਤਾ ਜਾਵੇ ।**

ਭਾਵੇਂ ਕ੍ਰਿਸਮਸ ਪ੍ਰਾਰਥਨਾ 'ਤੇ ਜਾ ਕੇ ਮੈਂ ਕੋਈ ਗ਼ਲਤੀ ਨਹੀਂ ਸੀ ਕੀਤੀ, ਪਰ ਮੈਂ ਆਪਣੀ ਮਾਂ ਨੂੰ ਅਜੇ ਵੀ ਇਸ ਬਾਰੇ ਦੱਸਣ ਤੋਂ ਝਿਜਕ ਰਹੀ ਸਾਂ ਅਤੇ ਮਾਂ ਨੇ ਮੈਨੂੰ ਪੁੱਛਿਆ ਵੀ ਨਹੀਂ ਸੀ ।

**ਕਿਤਾਬ ਦਾ ਅਗਲਾ ਕੁਝ ਹਿੱਸਾ ਹਿਲਡਾ ਦੀ ਜ਼ੁਬਾਨੀ ਹੀ ਲਿਖਿਆ ਗਿਆ ਹੈ ।**

ਉਹਨਾਂ ਸਰਦੀਆਂ ਵਿੱਚ ਮੈਂ ਹੱਲ-ਹਾਊਸ ਨਾ ਗਈ । ਸਕੂਲ ਕਰਕੇ ਬਹੁਤ ਰੁੱਝੀ ਹੋਈ ਸਾਂ । ਮਾਂ ਬਿਮਾਰ ਹੋ ਗਈ । ਉਹਨਾਂ ਸਰਦੀਆਂ ਵਿੱਚ ਸਰਦੀ ਵੀ ਬਹੁਤ ਲੱਗੀ ਅਤੇ ਭੁੱਖੇ ਵੀ ਰਹਿਣਾ ਪੈਂਦਾ ਸੀ; ਪਰ ਮਾਂ ਨੇ ਕਿਸੇ ਰਿਸ਼ਤੇਦਾਰ ਕੋਲੋਂ ਮਦਦ ਨਾ ਲਈ ਅਤੇ ਨਾ ਹੀ ਦੱਸਿਆ ਕਿ ਉਸ ਨੂੰ ਪੈਸਿਆਂ ਦੀ ਲੋੜ ਹੈ ।

ਜਦੋਂ ਬਸੰਤ ਰੁੱਤ ਆਈ ਤਾਂ ਮੈਂ ਫਿਰ ਜੇਨ ਐਡਮਜ਼ ਨੂੰ ਦੂਸਰੀ ਵਾਰ ਮਿਲੀ । ਜਿਹੜੇ ਬੱਚੇ ਮੇਰੇ ਨਾਲ ਖੇਡਦੇ ਸਨ ਉਹਨਾਂ ਦੇ ਬਾਪ ਕੱਪੜੇ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਸਨ, ਜਿੱਥੇ ਉਹ 14-14 ਘੰਟੇ ਕੰਮ ਕਰਦੇ ਸਨ; ਪਰ ਫਿਰ ਵੀ ਉਹਨਾਂ ਦੀ ਤਨਖ਼ਾਹ ਬਹੁਤ ਘੱਟ ਸੀ । ਜਦੋਂ ਉਹ ਰਾਤ ਨੂੰ ਆਉਂਦੇ ਤਾਂ ਉਹ ਕੋਈ ਕੋਟ, ਪੈਂਟਾਂ ਅਤੇ ਹੋਰ ਕੱਪੜੇ ਘਰ ਲੈ ਆਉਂਦੇ ਜਿੱਥੇ ਉਹਨਾਂ ਦੀਆਂ ਪਤਨੀਆਂ ਅਤੇ ਬੱਚੇ ਉਹਨਾਂ ਕੱਪੜਿਆਂ ਨੂੰ ਠੀਕ ਕਰਨ ਲਈ ਮਦਦ ਕਰਦੇ । ਘਰ ਵਿੱਚ ਚੱਲਣ ਵਾਲਾ ਇਕ ਹੋਰ ਕੰਮ ਸੀ, ਕੱਪੜੇ ਦੇ ਫੁੱਲ ਬਣਾਉਣਾ ।

ਮੇਰੀ ਇਕ ਹੋਰ ਵਾਕਫ਼ ਲੜਕੀ ਕਾਰਲੋਟਾ ਸੀ ਜੋ ਬਹੁਤ ਉਦਾਸ ਰਹਿੰਦੀ ਸੀ । ਜਦੋਂ ਸਾਰੇ ਬੱਚੇ ਖੇਡਦੇ ਸਨ ਤਾਂ ਉਹ ਨਹੀਂ ਸੀ ਖੇਡਦੀ । ਇਕ ਦਿਨ ਮੈਂ ਖੇਡਣ ਲਈ ਉਸਨੂੰ ਬੁਲਾਉਣ ਉਸ ਦੇ ਘਰ ਗਈ । ਉਹ ਬੂਹੇ 'ਤੇ ਆਈ ਅਤੇ ਉਸ ਨੇ ਦੱਸਿਆ ਕਿ ਉਹ ਨਹੀਂ ਆ ਸਕਦੀ । ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਨੇ ਕੱਪੜੇ ਦੇ ਫੁੱਲ ਬਣਾਉਣੇ ਹਨ, ਤਾਂ ਮੈਂ ਉਸ ਨੂੰ ਕਿਹਾ ਕਿ ਉਹ ਮੈਨੂੰ ਬੇਵਕੂਫ਼ ਨਾ ਬਣਾਏ, ਫੁੱਲ ਤਾਂ ਕੁਦਰਤੀ ਲੱਗਦੇ ਹਨ, ਤਾਂ ਉਹ ਮੈਨੂੰ ਅੰਦਰ ਲੈ ਗਈ ਜਿੱਥੇ ਚਾਰ ਲੜਕੇ ਕੱਪੜੇ ਦੇ ਫੁੱਲ ਬਣਾ ਰਹੇ ਸਨ । ਉਸ ਨੇ ਮੈਨੂੰ ਦੱਸਿਆ ਕਿ ਉਸਦਾ ਬਾਪ ਮਰ ਗਿਆ ਹੈ, ਦੋ ਭੈਣਾਂ ਅਤੇ ਇਕ ਭਰਾ ਅਤੇ ਮਾਂ ਫੁੱਲ ਬਣਾਉਂਦੇ ਹਨ; ਪਰ ਫਿਰ ਵੀ ਉਹਨਾਂ ਨੂੰ

ਸਰਦੀਆਂ ਵਿੱਚ ਠੰਢ ਲੱਗਦੀ ਰਹਿੰਦੀ ਹੈ ਅਤੇ ਉਹ ਭੁੱਖੇ ਰਹਿੰਦੇ ਹਨ, ਕਿਉਂ ਜੋ ਇੰਨਾ ਕੁਝ ਕਰਨ ਦੇ ਬਾਅਦ ਵੀ ਕਮਾਈ ਘੱਟ ਹੈ। ਮੈਨੂੰ ਫੁੱਲ ਬਣਾਉਣ ਦੇ ਕੰਮ ਤੋਂ ਨਫ਼ਰਤ ਹੋ ਗਈ।

ਬਾਅਦ ਵਿੱਚ ਜਦੋਂ ਵੀ ਮੈਂ ਔਰਤਾਂ ਦੇ ਟੋਪ 'ਤੇ ਫੁੱਲ ਲੱਗੇ ਵੇਖਦੀ ਤਾਂ ਮੈਨੂੰ ਕਾਰਲੋਟਾ ਯਾਦ ਆ ਜਾਂਦੀ ਅਤੇ ਮੈਨੂੰ ਉਹਨਾਂ ਫੁੱਲਾਂ ਨਾਲ ਨਫ਼ਰਤ ਹੋ ਜਾਂਦੀ।

ਬਾਅਦ ਵਿੱਚ ਮੈਂ ਇਕ ਅਰਥੀ ਦੇ ਨਾਲ ਗਈ। ਮੈਂ ਵੇਖਿਆ ਜੇਨ ਐਡਮਜ਼ ਨੇ ਉਸ ਅਰਥੀ 'ਤੇ ਅਸਲੀ ਫੁੱਲ ਰੱਖੇ। ਜੇਨ ਐਡਮਜ਼ ਬੱਚਿਆਂ ਦੀ ਕਿਰਤ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕਰ ਰਹੀ ਸੀ ਅਤੇ ਅਖ਼ੀਰ ਵਿੱਚ ਬੱਚਿਆਂ ਦੀ ਕਿਰਤ ਨੂੰ ਖ਼ਤਮ ਕਰ ਦਿੱਤਾ ਗਿਆ।

ਮੇਰੀ ਮਾਂ ਅਤੇ ਮੇਰੀ ਭੈਣ ਦੀ ਕਮਾਈ ਨਾਲ ਘਰ ਦਾ ਖ਼ਰਚ ਨਹੀਂ ਸੀ ਚੱਲਦਾ। ਇਕ ਦਿਨ ਬਹੁਤ ਠੰਢ ਸੀ। ਮੈਂ ਆਪਣੀ ਭੈਣ ਕੋਲ ਆਈ ਤੇ ਉਸਨੂੰ ਪੁੱਛਿਆ ਕਿ ਕੀ ਉਸਨੂੰ ਉਸਦੀ ਫੈਕਟਰੀ ਵਿੱਚ ਨੌਕਰੀ ਮਿਲ ਸਕਦੀ ਹੈ, ਤਾਂ ਉਸਨੇ ਮੇਰੇ ਵੱਲ ਹਮਦਰਦੀ ਨਾਲ ਵੇਖਿਆ ਅਤੇ ਮਹਿਸੂਸ ਕੀਤਾ ਕਿ ਕੁਝ ਡਾਲਰ ਕਮਾਉਣ ਨਾਲ ਘਰ ਵਿੱਚ ਸਰਦੀ ਘਟੇਗੀ ਅਤੇ ਭੁੱਖ ਵੀ ਘਟੇਗੀ। ਦੂਸਰੇ ਦਿਨ ਉਸ ਨੇ ਆ ਕੇ ਦੱਸਿਆ ਕਿ ਮੈਂ ਫੋਰ ਲੇਡੀ ਨਾਲ ਗੱਲ ਕੀਤੀ ਹੈ ਅਤੇ ਉਸ ਨੇ ਕਿਹਾ ਹੈ ਕਿ ਨੌਕਰੀ ਮਿਲ ਜਾਵੇਗੀ।

ਅਸਲੀਅਤ ਵਿੱਚ ਹਿਲਡਾ ਇਕ ਬਹਾਦਰ, ਵਿਚਾਰਵਾਨ ਅਤੇ ਅਗਾਂਹ-ਵਧੂ ਕੁੜੀ ਸੀ। ਉਹ ਕੁਝ ਵੱਖਰਾ ਕਰਨਾ ਚਾਹੁੰਦੀ ਤੇ ਪੜ੍ਹਨਾ ਚਾਹੁੰਦੀ ਸੀ, ਕੁਦਰਤ ਨੂੰ ਵੀ ਮਾਣਨਾ ਚਾਹੁੰਦੀ ਸੀ; ਪਰ ਕੁੱਲੀ, ਜੁੱਲੀ ਅਤੇ ਗੁੱਲੀ ਲਈ ਉਸਨੂੰ ਫੈਕਟਰੀਆਂ ਵਿੱਚ ਨਿੱਕੇ ਮੋਟੇ ਕੰਮ ਕਰਨੇ ਪਏ—ਤੇ ਉੱਥੇ ਵੀ ਉਹ ਗ਼ੈਰ-ਮਨੁੱਖੀ ਵਰਤਾਵਾ ਬਰਦਾਸ਼ਤ ਨਹੀਂ ਸੀ ਕਰਦੀ ਅਤੇ ਨਾ ਹੀ ਮੁਸੀਬਤ ਆਉਣ 'ਤੇ ਘਬਰਾਉਂਦੀ ਸੀ। ਉਹ ਨਵਾਂ ਕੰਮ ਵੀ ਝੱਟ ਹੀ ਸਿੱਖ ਲੈਂਦੀ ਸੀ, ਕਿਉਂਕਿ ਰੱਬ ਨੇ ਉਸਨੂੰ ਤੀਖਣ-ਬੁੱਧੀ ਬਖ਼ਸ਼ੀ ਹੋਈ ਸੀ।

## ਮੇਰੀ ਪਹਿਲੀ ਨੌਕਰੀ

ਦੂਸਰੇ ਦਿਨ ਮੈਂ ਸਕੂਲ ਆਈ ਅਤੇ ਆਪਣੀ ਅਧਿਆਪਕ ਟੋਰੈਂਸ ਨੂੰ ਦੱਸਿਆ ਕਿ ਮੈਂ ਸਕੂਲ ਨਹੀਂ ਆਵਾਂਗੀ। ਮੈਂ ਉਸ ਵੇਲੇ 14 ਸਾਲ ਦੀ ਸਾਂ ਅਤੇ ਮੈਂ ਪੰਜਵੀਂ ਜਮਾਤ ਪਾਸ ਕਰ ਲਈ ਸੀ। ਮੈਂ ਹਸਰਤ ਭਰੀਆਂ ਨਜ਼ਰਾਂ ਨਾਲ ਉਸ ਬਲੈਕ ਬੋਰਡ ਅਤੇ ਡੈਸਕ ਵੱਲ ਵੇਖਿਆ, ਜਿੱਥੇ ਬੈਠ ਕੇ

ਮੈਂ ਅੰਗਰੇਜ਼ੀ ਦੇ ਸ਼ਬਦ ਸਿੱਖੇ ਸਨ। ਮੈਂ ਉਸ ਵਕਤ ਮਹਿਸੂਸ ਕੀਤਾ ਕਿ ਮੇਰਾ ਸਕੂਲ ਖ਼ਤਮ ਹੋ ਗਿਆ ਹੈ।

ਘਰ ਆ ਕੇ ਮੈਂ ਜਦੋਂ ਇਹ ਗੱਲ ਮਾਂ ਨੂੰ ਦੱਸੀ ਤਾਂ ਉਹ ਬਹੁਤ ਰੋਈ; ਪਰ ਉਹ ਸਮਝਦੀ ਸੀ ਕਿ ਇਸ ਤੋਂ ਬਗੈਰ ਕੋਈ ਚਾਰਾ ਨਹੀਂ ਅਤੇ ਉਸ ਨੇ ਉਦਾਸ ਮਨ ਨਾਲ ਕਿਹਾ ਕਿ ਪ੍ਰਮਾਤਮਾ ਦੀ ਇਹੋ ਮਰਜ਼ੀ ਹੈ।

ਜਿਸ ਦਿਨ ਮੈਂ ਆਪਣਾ ਦੁਪਹਿਰ ਦਾ ਖਾਣਾ ਲੈ ਕੇ ਫੈਕਟਰੀ ਵਿੱਚ ਗਈ ਤਾਂ ਮੇਰੇ ਮਨ ਵਿੱਚ ਅਜੀਬ ਖ਼ਿਆਲ ਆ ਰਹੇ ਸਨ। ਖ਼ੁਸ਼ੀ ਇਹ ਸੀ ਕਿ ਮੈਂ ਘਰ ਦੀ ਮਦਦ ਕਰਾਂਗੀ, ਪਰ ਅਫ਼ਸੋਸ ਇਹ ਸੀ ਕਿ ਹੁਣ ਮੈਂ ਕਦੀ ਵੀ ਸਕੂਲ ਨਹੀਂ ਜਾਵਾਂਗੀ।

ਇਸ ਤੋਂ ਪਹਿਲਾਂ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਹੱਲ-ਹਾਊਸ ਵਿੱਚ ਸਕੂਲ ਤੋਂ ਬਗੈਰ ਵੀ ਜਮਾਤਾਂ ਚੱਲਦੀਆਂ ਹਨ।

ਅਸੀਂ ਬਹੁਤ ਸਵੇਰੇ, ਹਨੇਰੇ ਵਿੱਚ ਹੀ ਕਾਫ਼ੀ ਸਮਾਂ ਤੁਰ ਕੇ ਆਪਣੀ ਫੈਕਟਰੀ ਪਹੁੰਚੀਆਂ ਜਿਹੜੀ ਛੇ ਮੰਜ਼ਲਾਂ ਉੱਚੀ ਸੀ। ਮੈਂ ਪਹਿਲੀ ਵਾਰੀ ਏਲੀਵੇਟਰ 'ਤੇ ਚੌਥੀ ਮੰਜ਼ਲ 'ਤੇ ਪਹੁੰਚੀ ਅਤੇ ਆਪਣੀ ਨਿਯੁਕਤੀ ਦਾ ਪੱਤਰ ਵਿਖਾਇਆ। ਸ਼ਿਕਾਗੋ ਬਹੁਤ ਵੱਡਾ ਸ਼ਹਿਰ ਸੀ ਜਿਸ ਤੋਂ ਰੇਲਾਂ ਅਤੇ ਸੜਕਾਂ ਰਾਹੀਂ ਦੂਰ-ਦੂਰ ਤਕ ਜਾਇਆ ਜਾਂਦਾ ਸੀ; ਪਰ ਉੱਥੇ ਗੰਦਾ ਪਾਣੀ ਖੜ੍ਹਾ ਰਹਿੰਦਾ ਸੀ। ਜਿਹੜਾ ਸਾਡੇ ਪੁਰਾਣੇ ਸ਼ਹਿਰ ਵਿਸਟੂਲਾ ਦੇ ਸਾਫ਼-ਸੁਥਰੇ ਪਾਣੀ ਦਾ ਕਦੀ ਵੀ ਮੁਕਾਬਲਾ ਨਹੀਂ ਸੀ ਕਰ ਸਕਦਾ।

ਫੈਕਟਰੀ ਵਿੱਚ ਹਰ ਛੱਤ 'ਤੇ 400 ਮਸ਼ੀਨਾਂ ਸਨ, ਜਿਨ੍ਹਾਂ ਮਸ਼ੀਨਾਂ ਦੇ ਸਾਹਮਣੇ ਕਢਾਈ ਕੱਢਣ ਵਾਲੀ ਲੜਕੀ ਬੈਠੀ ਹੁੰਦੀ ਸੀ। ਮੈਂ ਅਸਾਨੀ ਨਾਲ ਉਸ ਸਖ਼ਤ ਕੰਮ ਨੂੰ ਸਿੱਖ ਲਿਆ। ਮੈਨੂੰ ਹਫ਼ਤੇ ਦੇ ਚਾਰ ਡਾਲਰ ਮਿਲਦੇ ਸਨ; ਪਰ ਸ਼ਾਇਦ ਹੀ ਕਿਸੇ ਨੂੰ ਪੰਜ ਡਾਲਰ ਤੋਂ ਵੱਧ ਮਿਲਦੇ ਹੋਣਗੇ। ਸਾਡੀ ਆਮਦਨ ਨਾਲ ਘਰ ਦਾ ਖ਼ਰਚ ਚੱਲਦਾ ਸੀ।

ਫੈਕਟਰੀ ਵਿੱਚ ਸਵੇਰੇ 7.30 ਵਜੇ ਤੋਂ ਸ਼ਾਮ ਦੇ 6 ਵਜੇ ਤਕ ਰਹਿਣਾ ਪੈਂਦਾ ਸੀ। ਅੱਧਾ ਘੰਟਾ ਖਾਣਾ ਵੀ ਮਸ਼ੀਨ ਦੇ ਸਾਹਮਣੇ ਬੈਠ ਕੇ ਖਾਣਾ ਪੈਂਦਾ ਸੀ। ਹਫ਼ਤੇ ਵਿੱਚ 6 ਦਿਨ ਕੰਮ ਕਰਨਾ ਪੈਂਦਾ ਸੀ।

ਇਕ ਦਿਨ ਇਕ ਲੜਕੀ ਦੀ ਚੀਕ ਨਿਕਲੀ। ਹਰ ਕੋਈ ਚੇਤੰਨ ਹੋ ਗਿਆ। ਸ਼ੈੱਡ ਵਿੱਚ ਚੁੱਪ-ਚਾਪ ਛਾ ਗਈ। ਕੁਝ ਸਮੇਂ ਬਾਅਦ ਮੇਰੀ ਭੈਣ ਆਈ ਅਤੇ ਉਹ ਮੇਰੇ ਗਲੇ ਬਾਹਾਂ ਪਾ ਕੇ ਦੱਸਣ ਲੱਗੀ ਕਿ ਇਕ ਲੜਕੀ ਦਾ

ਮਸ਼ੀਨ ਵਿੱਚ ਹੱਥ ਆ ਗਿਆ ਹੈ । ਮੈਨੂੰ ਓਦੋਂ ਕੰਮ ’ਤੇ ਆਇਆਂ ਅਜੇ ਦੋ ਹਫ਼ਤੇ ਹੋਏ ਸਨ । ਉਹਨਾਂ ਦਿਨਾਂ ਵਿੱਚ ਫੈਕਟਰੀਆਂ ਵਿੱਚ ਬਚਾਅ ਦੇ ਢੰਗ ਨਹੀਂ ਸਨ ਅਪਣਾਏ ਜਾਂਦੇ । ਜਦੋਂ ਮਸ਼ੀਨ ਟੁੱਟ ਜਾਂਦੀ ਤਾਂ ਉਸ ਦੀ ਮੁਰੰਮਤ ਹੋਣ ਤਕ ਲੜਕੀਆਂ ਵਿਹਲੀਆਂ ਬੈਠੀਆਂ ਰਹਿੰਦੀਆਂ ਸਨ, ਜਿਸ ਦਾ ਅਰਥ ਸੀ ਕੋਈ ਕਮਾਈ ਨਾ ਹੋਣਾ; ਇਹ ਕਿੰਨਾ ਗ਼ਲਤ ਸੀ ।

ਇਸ ਸਮੇਂ ਵਿੱਚ ਮੈਂ ਕਈ ਮਹੀਨੇ ਹੱਲ-ਹਾਊਸ ਨਾ ਜਾ ਸਕੀ, ਕਿਉਂ ਜੋ ਫੈਕਟਰੀ ਤੋਂ ਥੱਕ ਕੇ ਆਉਂਦੀ ਸਾਂ; ਫਿਰ ਖਾਣਾ ਬਣਾਉਣਾ, ਭਾਂਡੇ ਸਾਫ਼ ਕਰਨਾ ਅਤੇ ਸੌਂ ਜਾਣਾ ।

## ਕਿਰਤੀਆਂ ਦੀ ਯੂਨੀਅਨ ਬਨਾਉਣਾ

ਇਕ ਦਿਨ ਜਦੋਂ ਅਸੀਂ ਗੇਟ ’ਤੇ ਆਈਆਂ ਤਾਂ ਇਕ ਆਦਮੀ ਇਸ਼ਤਿਹਾਰ ਵੰਡ ਰਿਹਾ ਸੀ । ਮੈਂ ਉਹ ਇਸ਼ਤਿਹਾਰ ਲੈ ਲਿਆ । ਉਸ ਵਿੱਚ ਇਕ ਮੀਟਿੰਗ ਵਿੱਚ ਆਉਣ ਦਾ ਸੱਦਾ ਸੀ, ਤਾਂ ਕਿ ਕਿਰਤੀਆਂ ਦੀ ਯੂਨੀਅਨ ਬਣਾਈ ਜਾ ਸਕੇ । ਭੈਣ ਤਾਂ ਉਸ ਮੀਟਿੰਗ ਵਿੱਚ ਜਾਣ ਤੋਂ ਝਿਜਕਦੀ ਸੀ, ਪਰ ਮੈਂ ਜਾਣ ਦਾ ਫ਼ੈਸਲਾ ਕਰ ਲਿਆ ।

ਉਸ ਮੀਟਿੰਗ-ਹਾਲ ਵਿੱਚ ਕੋਈ 100 ਕੁੜੀਆਂ ਅਤੇ ਕੁਝ ਆਦਮੀ ਸਨ । ਇਕ ਆਦਮੀ ਨੇ ਯੂਨੀਅਨ ਬਣਾਉਣ ਦੇ ਲਾਭ ਦੱਸੇ ਅਤੇ ਕਿਹਾ ਕਿ ਜੇ ਕਿਸੇ ਨੇ ਕੋਈ ਸੁਆਲ ਪੁੱਛਣਾ ਹੋਵੇ ਤਾਂ ਪੁੱਛ ਸਕਦਾ ਹੈ । ਕੋਈ ਨਾ ਉੱਠਿਆ; ਪਰ ਮੈਂ ਉੱਠੀ ਅਤੇ ਪੁੱਛਿਆ ਕਿ ਸੁਆਲ ਤਾਂ ਕਈ ਹਨ, ਪਰ ਮਸ਼ੀਨ ਖ਼ਰਾਬ ਹੋਣ ਨਾਲ ਸਾਡਾ ਸਮਾਂ ਕਿਉਂ ਬਰਬਾਦ ਹੁੰਦਾ ਹੈ । ਫੈਕਟਰੀ ਵਿੱਚ ਮੁਰੰਮਤ ਕਰਨ ਵਾਲਾ ਇਕ ਹੀ ਵਿਅਕਤੀ ਕਿਉਂ ਹੈ ? ਟਾਇਲਟ ਦੇ ਦਰਵਾਜ਼ੇ ਕਿਉਂ ਨਹੀਂ ? ਉਸ ਹੀ ਰਾਤ ਯੂਨੀਅਨ ਬਣ ਗਈ ।

ਦੂਸਰੇ ਦਿਨ ਜਦੋਂ ਮੈਂ ਫੈਕਟਰੀ ਵਿੱਚ ਗਈ ਤਾਂ ਮੈਨੂੰ ਫੋਰ ਲੇਡੀ ਦੇ ਦਫ਼ਤਰ ਵਿੱਚ ਸੱਦਿਆ ਗਿਆ । ਮੈਨੂੰ ਪੈਸੇ ਦੇ ਦਿੱਤੇ ਅਤੇ ਅੱਗੇ ਤੋਂ ਨਾ ਆਉਣ ਲਈ ਕਿਹਾ ਗਿਆ ।

ਉਸ ਦਿਨ ਸਵੇਰੇ ਜਦੋਂ ਮੈਂ ਫੈਕਟਰੀ ਵੱਲ ਜਾ ਰਹੀ ਸਾਂ ਤਾਂ ਮੈਂ ਸੋਚਿਆ ਸੀ ਕਿ ਯੂਨੀਅਨ ਵਿੱਚ ਕੰਮ ਕਰਨਾ ਚੰਗੀ ਗੱਲ ਹੈ, ਪਰ ਇਸ ਕਾਰਵਾਈ ਨਾਲ ਮੇਰਾ ਚਾਰ ਸਾਲ ਦਾ ਕਢਾਈ ਕਰਨ ਦਾ ਕੰਮ ਖ਼ਤਮ ਹੋ ਗਿਆ; ਪਰ ਮੈਨੂੰ ਨੌਕਰੀ ਖੁੱਸ ਜਾਣ ਦਾ ਕੋਈ ਪਛਤਾਵਾ ਨਹੀਂ ਸੀ । ਉਸ ਦਿਨ ਮੈਂ ਸ਼ਹਿਰ ਦੀਆਂ ਗਲੀਆਂ ਵਿੱਚ ਘੁੰਮਦੀ ਰਹੀ । ਉਸ ਦਿਨ ਮੈਂ ਮਾਰਸ਼ਲ

ਫੀਲਡ ਸਟੋਰ ’ਤੇ ਗਈ ਅਤੇ ਐਲੀਵੇਟਰ ਨਾਲ ਤੀਸਰੀ ਮੰਜ਼ਲ ’ਤੇ ਪਹੁੰਚ ਗਈ । ਉੱਥੇ ਦੁਨੀਆਂ ਭਰ ਤੋਂ ਆਏ ਹੋਏ ਦੋਸਤ ਮਿੱਤਰ ਮਿਲਦੇ ਸਨ । ਮੈਂ ਵੇਟਿੰਗ ਰੂਮ ਵਿੱਚ ਬੈਠੀ ਰਹੀ । ਮੈਨੂੰ ਅੰਕਲ ਮਿਸਚਾ ਦੀਆਂ ਗੱਲਾਂ ਯਾਦ ਆਈਆਂ ਜੋ ਉਹ ਦਰਜੀਆਂ ਬਾਰੇ ਕਰਦੇ ਸਨ ਕਿ ਜਾਂ ਤੁਸੀਂ ਬਹੁਤ ਲੰਮਾ ਸਮਾਂ ਕੰਮ ਕਰੋ ਜਾਂ ਬਿਲਕੁਲ ਨਾ ਕਰੋ ਅਤੇ ਜਦੋਂ ਤੁਸੀਂ ਕੰਮ ਨਹੀਂ ਕਰਦੇ ਤਾਂ ਖਾਣਾ ਨਹੀਂ ਮਿਲਦਾ । ਉਸ ਸਟੋਰ ਵਿੱਚ ਬਹੁਤ ਕੀਮਤੀ ਚੀਜ਼ਾਂ ਸਨ, ਮੈਂ ਸੋਚਦੀ ਸਾਂ ਕਿ ਇਹਨਾਂ ਚੀਜ਼ਾਂ ਨੂੰ ਕੌਣ ਖ਼ਰੀਦਦਾ ਹੋਵੇਗਾ ।

ਥੱਲੇ ਆ ਕੇ ਮੈਂ ਮਿਚੀਗਨ ਐਵਨਿਊ ਚਲੀ ਗਈ । ਗਰਾਂਟ ਪਾਰਕ ਦੇ ਬੈਂਚ ’ਤੇ ਬੈਠ ਕੇ ਖਾਣਾ ਖਾਧਾ ਅਤੇ ਫਿਰ ਸ਼ਿਕਾਗੋ ਦੀ ਆਰਟ ਸੰਸਥਾ ਵਿੱਚ ਆ ਗਈ । ਉੱਥੇ ਮੈਂ ਬਹੁਤ ਖ਼ੂਬਸੂਰਤ ਪੇਂਟਿੰਗਜ਼ ਵੇਖੀਆਂ । ਉਸ ਦਿਨ, ਇਕ ਦਿਨ ਵਿੱਚ ਹੀ ਮੈਂ ਕਈ ਜਗ੍ਹਾ ’ਤੇ ਗਈ ਸਾਂ । ਫਿਰ ਮੈਂ ਪਬਲਿਕ ਲਾਇਬ੍ਰੇਰੀ ਵਿੱਚ ਆਈ ਅਤੇ ਮੈਂ ਉੱਥੇ ਲੱਗੇ ਸੰਗਮਰਮਰ ਵੇਖ ਕੇ ਬਹੁਤ ਖੁਸ਼ ਹੋਈ । ਫਿਰ ਮੈਂ ਚੌਥੀ ਮੰਜ਼ਲ ’ਤੇ ਰੈਫਰੈਂਸ ਕਮਰੇ ਵਿੱਚ ਚਲੀ ਗਈ । ਮੇਰੇ ਸਾਹਮਣੇ ਮਿਚੀਗਨ ਝੀਲ ਸੀ । ਅੱਠ ਸਾਲਾਂ ਵਿੱਚ ਮੈਂ ਪਹਿਲੀ ਵਾਰ ਇੱਥੇ ਆਈ ਸਾਂ । ਮੈਨੂੰ ਮੇਰੇ ਬਾਪ ਦੇ ਉਹ ਲਫ਼ਜ਼ ਯਾਦ ਆ ਰਹੇ ਸਨ : ‘ਉਹ ਬਹੁਤ ਵੱਡੀ ਝੀਲ ਹੈ’, ਮੈਂ ਆਪਣੀ ਨੌਕਰੀ ਚਲੇ ਜਾਣ ’ਤੇ ਖੁਸ਼ ਸਾਂ ।

ਘਰ ਆ ਕੇ ਮੈਂ ਆਪਣੀ ਮਾਂ ਨੂੰ ਦੱਸਿਆ ਕਿ ਮੈਂ ਨੌਕਰੀ ਤੋਂ ਕੱਢ ਦਿੱਤੀ ਗਈ ਹਾਂ, ਤਾਂ ਉਹ ਪ੍ਰੇਸ਼ਾਨ ਸੀ; ਪਰ ਮੈਂ ਉਸ ਜ਼ਿੰਦਗੀ ਨੂੰ ਨਫ਼ਰਤ ਕਰਦੀ ਸਾਂ ਜਿਸ ਵਿੱਚ ਸਿਰਫ਼ ਖ਼ੁਰਾਕ ਅਤੇ ਠੰਢ ਤੋਂ ਬਚਾਅ ਦੀ ਹੀ ਗੱਲ ਹੋਵੇ ਅਤੇ ਹੋਰ ਕੁਝ ਵੀ ਨਾ ਹੋਵੇ । ਮੈਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨੀਆਂ ਚਾਹੁੰਦੀ ਸਾਂ, ਤਸਵੀਰਾਂ ਵੇਖਣੀਆਂ ਚਾਹੁੰਦੀ ਸਾਂ ਅਤੇ ਝੀਲਾਂ ਵੇਖਣਾ ਚਾਹੁੰਦੀ ਸਾਂ ।

ਉਸ ਦਿਨ ਖਾਣਾ ਖਾਂਦਿਆਂ ਮੈਂ ਮਹਿਸੂਸ ਕੀਤਾ ਕਿ ਕੁਝ ਵੀ ਹੋਵੇ, ਖਾਣੇ ਦੇ ਪੈਸੇ ਦੇਣੇ ਪੈਂਦੇ ਹਨ ਅਤੇ ਮੈਂ ਮਾਂ ਨੂੰ ਕਿਹਾ ਕਿ ਮੈਂ ਨੌਕਰੀ ਲੱਭ ਲਵਾਂਗੀ ।

## ਵਧਦੇ ਜਾਣਾ

ਦੂਸਰੇ ਦਿਨ ਜਦੋਂ ਮੈਂ ਉੱਠੀ ਮੇਰੀ ਭੈਣ ਫੈਕਟਰੀ ਜਾਣ ਲਈ ਤਿਆਰ ਹੋ ਰਹੀ ਸੀ । ਮੈਂ ਖ਼ੁਸ਼ ਸਾਂ ਕਿ ਉਸ ਨੂੰ ਨੌਕਰੀ ਤੋਂ ਨਹੀਂ ਕੱਢਿਆ ਗਿਆ । ਮੈਂ ਗਲੀ ਵਿੱਚ ਗਈ ਅਤੇ ਇਕ ਅਖ਼ਬਾਰ ਖ਼ਰੀਦ ਲਿਆਂਦੀ, ਜਿਸ ਵਿੱਚ ਨੌਕਰੀ ਦੀਆਂ ਮਸ਼ਹੂਰੀਆਂ ਸਨ, ਉਹ ਪੜ੍ਹੀਆਂ । ਕਿੰਨੀਆਂ ਹੀ ਨੌਕਰੀਆਂ

ਸਨ—ਨਕਟਾਈਆਂ, ਕਮੀਜ਼ਾਂ, ਪਜਾਮੇ, ਪੇਟੀਕੋਟ ਆਦਿ ਬਣਾਉਣ ਵਾਲਿਆਂ ਦੀ ਲੋੜ ਸੀ । ਮੈਨੂੰ ਮਹਿਸੂਸ ਹੋਇਆ ਕਿ ਜਿਹੜੀਆਂ ਚੀਜ਼ਾਂ ਸਟੋਰ ਤੋਂ ਮਿਲਦੀਆਂ ਹਨ, ਉਨ੍ਹਾਂ ਨੂੰ ਬਣਾਉਣ ਲਈ ਮਨੁੱਖੀ ਮਿਹਨਤ ਲੱਗਦੀ ਹੈ । ਪਹਿਲੇ ਦਿਨ ਮੈਂ ਉਸ ਮਸ਼ਹੂਰੀ ਦੇ ਜਵਾਬ ਵਿੱਚ ਲਿਖਿਆ ਅਤੇ ਕਮੀਜ਼ਾਂ, ਟੋਪੀਆਂ, ਨਕਟਾਈਆਂ ਬਣਾਉਣ ਵਾਲੀਆਂ ਫੈਕਟਰੀਆਂ ਤੋਂ ਪਤਾ ਕੀਤਾ, ਪਰ ਨੌਕਰੀ ਨਾ ਮਿਲੀ । ਦੂਸਰੇ ਅਤੇ ਤੀਸਰੇ ਦਿਨ ਵੀ ਨਾ ਮਿਲੀ ਅਤੇ ਮੈਨੂੰ ਨੌਕਰੀ ਮਿਲਣਾ ਔਖਾ ਲੱਗ ਰਿਹਾ ਸੀ ।

ਜਦੋਂ ਮੈਂ ਘਰ ਰਹਿੰਦੀ ਸਾਂ ਤਾਂ ਮੈਂ ਪੋਲੈਂਡ ਨੂੰ ਯਾਦ ਕਰਕੇ ਬਹੁਤ ਉਦਾਸ ਹੋ ਜਾਂਦੀ ਸਾਂ ਅਤੇ ਉਹ ਸਮਾਂ ਯਾਦ ਕਰਦੀ ਸਾਂ ਜਦੋਂ ਮਾਂ ਕਈ ਚੀਜ਼ਾਂ ਦੀਆਂ ਟੋਕਰੀਆਂ ਭਰ ਕੇ ਘਰ ਲਿਆਉਂਦੀ ਸੀ । ਕਈ ਚੀਜ਼ਾਂ ਅਤੇ ਕਿੰਨਾ ਹੀ ਮੀਟ ਲੈ ਕੇ ਆਉਂਦੀ ਸੀ ।

ਭਾਵੇਂ ਕਿ ਇੱਥੇ ਆ ਕੇ ਮਾਂ ਨੂੰ ਹਮੇਸ਼ਾਂ ਕਿਰਾਇਆ ਦੇਣ ਦਾ ਫ਼ਿਕਰ ਰਹਿੰਦਾ ਸੀ, ਪਰ ਮਕਾਨ ਮਾਲਕ ਨੇ ਕਦੀ ਵੀ ਕਿਰਾਇਆ ਨਹੀਂ ਸੀ ਪੁੱਛਿਆ । ਇਕ ਵਾਰ ਮਕਾਨ ਮਾਲਕ ਪਾਸ ਓਵਰ ਦੇ ਤਿਉਹਾਰ ਤੋਂ ਪਹਿਲਾਂ ਇਕ ਵਾਰ ਆਇਆ ਅਤੇ ਮੇਰੇ ਤਿੰਨਾਂ ਭਰਾਵਾਂ ਨੂੰ ਨਾਲ ਲੈ ਕੇ ਸਟੋਰ ’ਤੇ ਚਲਾ ਗਿਆ ਅਤੇ ਉਹਨਾਂ ਨੂੰ ਬੂਟ, ਸੂਟ ਅਤੇ ਕਈ ਚੀਜ਼ਾਂ ਲੈ ਦਿੱਤੀਆਂ, ਪਰ ਉਹ ਘਰ ਨਾ ਆਇਆ । ਬਾਅਦ ਵਿੱਚ ਉਸ ਨੇ ਦੱਸਿਆ ਕਿ ਉਹ ਨਹੀਂ ਸੀ ਚਾਹੁੰਦਾ ਕਿ ਕੋਈ ਉਸ ਦਾ ਧੰਨਵਾਦ ਕਰੇ, ਉਸ ਨੂੰ ਇਸ ਤਰ੍ਹਾਂ ਦੇ ਕੰਮ ਕਰ ਕੇ ਖ਼ੁਸ਼ੀ ਹੁੰਦੀ ਸੀ । ਬੁਰੇ ਸਮਿਆਂ ਵਿੱਚ ਵੀ ਚੰਗੇ ਇਨਸਾਨ ਮਿਲ ਜਾਂਦੇ ਹਨ ਜੋ ਕਿ ਮਦਦ ਕਰਨ ਲਈ ਅੱਗੇ ਆਉਂਦੇ ਹਨ ।

ਮੈਂ ਆਪਣੀ ਨੌਕਰੀ ਲਈ ਨੇੜੇ ਦੀਆਂ ਔਰਤਾਂ ਨੂੰ ਕਹਿੰਦੀ ਰਹਿੰਦੀ ਸਾਂ । ਇਕ ਦਿਨ ਇਕ ਔਰਤ ਨੇ ਆ ਕੇ ਦੱਸਿਆ ਕਿ ਫੋਰਮੈਨ ਨੇ ਕਿਹਾ ਹੈ ਕਿ ਉਹ ਇੰਟਰਵਿਊ ਲਵੇਗਾ ।

ਇਸ ਤਰ੍ਹਾਂ ਮੈਨੂੰ ਕੰਮ ਤਾਂ ਮਿਲ ਗਿਆ, ਪਰ ਉਸ ਮਸ਼ੀਨ ਨੂੰ ਚਲਾਉਣਾ ਸਿੱਖਣਾ ਪੈਣਾ ਸੀ, ਇਸ ਲਈ ਮੈਨੂੰ, ਮੇਰੇ ਗਵਾਂਢੀ ਨੇ ਕੰਮ ਸਿਖਾ ਦਿੱਤਾ । ਇਕ ਦਿਨ ਮੈਂ ਫੋਰਲੇਡੀ ਨੂੰ ਇਹ ਕਹਿੰਦਿਆਂ ਸੁਣਿਆ ਕਿ ਮੈਂ ਤਜਰਬੇ ਵਾਲੀਆਂ ਨੂੰ ਪਸੰਦ ਨਹੀਂ ਕਰਦੀ, ਉਹ ਜ਼ਿਆਦਾ ਤਨਖ਼ਾਹ ਮੰਗਦੀਆਂ ਹਨ । ਇਸ ਲਈ ਨਵੀਂਆਂ ਕੁੜੀਆਂ ਨੂੰ ਪਸੰਦ ਕਰਦੀ ਹਾਂ ।


ਇਸ ਨੌਕਰੀ ਲਈ ਸਵੇਰੇ 8 ਵਜੇ ਤੋਂ ਸ਼ਾਮ ਦੇ **6** ਵਜੇ ਤਕ ਕੰਮ ਕਰਨਾ ਪੈਂਦਾ ਸੀ । ਹਫ਼ਤੇ ਵਿੱਚ **5½** ਦਿਨ ਕੰਮ ਕਰਨਾ ਪੈਂਦਾ ਸੀ ।

ਸ਼ਨਿੱਚਰਵਾਰ ਅੱਧਾ ਦਿਨ ਕੰਮ ਕਰਦੇ ਸਾਂ । ਮੈਂ ਜ਼ਿਆਦਾ ਤੋਂ ਜ਼ਿਆਦਾ ਕੰਮ ਕਰਨਾ ਚਾਹੁੰਦੀ ਸਾਂ, ਤਾਂ ਕਿ ਜਿਹੜਾ ਸਮਾਂ ਗਵਾਚ ਗਿਆ ਸੀ ਉਹ ਪੂਰਾ ਹੋ ਸਕੇ ।

1900 ਦੇ ਸਾਲ ਵਿੱਚ ਮੈਂ ਇਕ ਦਿਨ ਸ਼ਾਮ ਨੂੰ ਹੱਲ ਹਾਊਸ ਜਾਣ ਦੀ ਸੋਚੀ ਜੋ ਸਾਡੇ ਤੋਂ ਸਿਰਫ਼ 3 ਬਲਾਕ ਹੀ ਦੂਰ ਸੀ । ਮੈਂ ਉਸ ਕ੍ਰਿਸਮਸ ਤੋਂ ਬਾਅਦ ਉੱਥੇ ਨਹੀਂ ਸੀ ਗਈ ।

ਉਸ ਹੀ ਸ਼ਾਮ ਮੇਰੇ ਲਈ ਨਵੀਂ ਜ਼ਿੰਦਗੀ ਸ਼ੁਰੂ ਹੋ ਗਈ । ਮੇਰੀ ਚੰਗੀ ਕਿਸਮਤ ਕਿ ਜੇਨ ਐਡਮਜ਼ ਉੱਥੇ ਹੀ ਸੀ । ਜਦੋਂ ਮੈਂ ਅੰਦਰ ਗਈ ਤਾਂ ਉਹ ਮੈਨੂੰ ਪੁੱਛਣ ਲੱਗੀ ਕਿ ਕੀ ਮੈਂ ਕਲੱਬ, ਕਲਾਸ ਜਾਂ ਜਿਮਨੇਜੀਅਮ ਵਿੱਚੋਂ ਕਿਸ ਵਿੱਚ ਦਾਖ਼ਲਾ ਲੈਣਾ ਹੈ । ਮੈਨੂੰ ਕੋਈ ਪਤਾ ਨਹੀਂ ਸੀ ਕਿ ਮੈਂ ਕੀ ਚਾਹੁੰਦੀ ਹਾਂ । ਮੈਂ ਜਵਾਬ ਦਿੱਤਾ ਕਿ ਮੈਂ ਕਦੀ ਵੀ ਰਾਤ ਨੂੰ ਇੱਥੇ ਨਹੀਂ ਆਈ । ਉਸ ਨੇ ਪੁੱਛਿਆ ਕਿ ਕੀ ਤੂੰ ਪਹਿਲਾਂ ਇੱਥੇ ਆਈ ਹੈਂ? ਮੈਂ ਕਿਹਾ ਹਾਂ, ਕ੍ਰਿਸਮਸ ’ਤੇ । ਉਸ ਨੇ ਮੇਰਾ ਹੱਥ ਫੜ ਲਿਆ । ਅਸੀਂ ਪੌੜੀਆਂ ਚੜ੍ਹੇ, ਫਿਰ ਉੱਤਰੇ ਅਤੇ ਕਿਰਤੀ ਅਜਾਇਬ ਘਰ ਵਿੱਚ ਆ ਗਏ । ਉਹ ਅਜਾਇਬ ਘਰ ਥੋੜ੍ਹਾ ਚਿਰ ਪਹਿਲਾਂ ਬਣਿਆ ਸੀ ਅਤੇ ਉਸ ਦੇ ਦਿਲ ਨੂੰ ਪਸੰਦ ਸੀ । ਮਿਸ ਮੇਰੀ ਜਿਹੜੀ ਉਸ ਦੀ ਇੰਚਾਰਜ ਸੀ ਮੈਨੂੰ ਉਸ ਨਾਲ ਮਿਲਾਇਆ ਗਿਆ। ਸ਼ਾਇਦ ਮੈਂ ਪਹਿਲੀ ਵਿਦਿਆਰਥਣ ਸਾਂ, ਜਿਸ ਨੇ ਉਹ ਕੰਮ ਸਿੱਖਣਾ ਸ਼ੁਰੂ ਕੀਤਾ । ਉੱਥੇ ਮੈਂ ਚਾਰ ਡੱਬੇ ਵੇਖੇ, ਉਹ ਕਪਾਹ, ਉੱਨ, ਰੇਸ਼ਮ ਅਤੇ ਲਿਨਨ, ਦੇ ਸਨ । ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਕਪਾਹ ਜ਼ਮੀਨ ਵਿੱਚ ਉੱਗਦੀ ਹੈ, ਕਿਸ ਤਰ੍ਹਾਂ ਧਾਗਾ ਬੁਣਿਆ ਜਾਂਦਾ ਹੈ । ਇਸ ਤਰ੍ਹਾਂ ਹੀ ਉੱਨ, ਰੇਸ਼ਮ ਅਤੇ ਲਿਨਨ ਦੇ ਬਣਨ ਬਾਰੇ ਜਾਣਕਾਰੀ ਦਿੱਤੀ ਗਈ ਸੀ । ਉਹਨਾਂ ਦੀਆਂ ਵੱਖ-ਵੱਖ ਤਸਵੀਰਾਂ ਬਣੀਆਂ ਹੋਈਆਂ ਸਨ ਅਤੇ ਮੈਂ ਛੇਤੀ ਹੀ ਕੰਬਲ ਬੁਣਨੇ ਸਿੱਖ ਸਕਦੀ ਸਾਂ । ਸ਼ਨਿੱਚਰਵਾਰ ਨੂੰ ਉੱਥੇ ਬੁਣਾਈ ਦੀ ਨੁਮਾਇਸ਼ ਸੀ ਕਿ ਮਸ਼ੀਨਾਂ ਬਣਨ ਤੋਂ ਪਹਿਲਾਂ ਕੱਪੜਾ ਕਿਸ ਤਰ੍ਹਾਂ ਬੁਣਿਆ ਜਾਂਦਾ ਸੀ ।

ਹੱਲ ਹਾਊਸ ਵਿੱਚ ਕਈ ਕਿਸਮ ਦੀਆਂ ਜਮਾਤਾਂ ਲੱਗਦੀਆਂ ਸਨ; ਜਿਵੇਂ ਖਾਣਾ ਬਣਾਉਣ, ਸਿਊਣਾ, ਕਢਾਈ ਆਦਿ ਇਨ੍ਹਾਂ ਬਾਰੇ ਤਸਵੀਰਾਂ ਵਿੱਚ ਦੱਸਿਆ ਜਾਂਦਾ ਸੀ । ਜਿਸ ਤਰ੍ਹਾਂ ਪਹਿਲਾਂ ਪੌਦਾ ਹੁੰਦਾ ਹੈ, ਫਿਰ ਧਾਗੇ ਵਾਸਤੇ ਕਪਾਹ ਪੈਦਾ ਹੁੰਦੀ ਹੈ । ਰੇਸ਼ਮ ਦਾ ਕੀੜਾ ਧਾਗਾ ਬਣਾਉਂਦਾ ਹੈ ਅਤੇ ਭੇਡ ਦੀ ਉੱਨ ਲਾਉਣਾ ਆਦਿ ।



ਹੱਲ ਹਾਊਸ ਵਿੱਚ ਖਾਣਾ ਬਣਾਉਣ, ਕਢਾਈ, ਤੇ ਸਿਊਣਾ ਸਿਖਾਉਣ ਵਾਲੀਆਂ ਜਮਾਤਾਂ ।

ਜਦੋਂ ਮੈਂ ਸਾਰੀਆਂ ਤਸਵੀਰਾਂ ਵੇਖ ਲਈਆਂ ਤਾਂ ਸ੍ਰੀਮਤੀ ਹਿਲ ਨੇ ਮੈਨੂੰ ਕਿਹਾ ਕਿ ਕੀ ਮੈਂ ਉਹ ਬੁਣਨਾ ਚਾਹੁੰਦੀ ਹਾਂ ਜੋ ਬਿਲਕੁਲ ਅਮਰੀਕਾ ਦਾ ਹੋਵੇ—ਤੇ ਕੰਬਲ ਬਣਾਉਣਾ ਸਿੱਖਣ ਲੱਗ ਪਈ । ਦੋ ਔਰਤਾਂ ਕੱਤ ਰਹੀਆਂ ਸਨ । ਇਕ ਬੁਣ ਰਹੀ ਸੀ । ਉਸ ਧਾਗੇ ਨੂੰ ਹੱਲ ਹਾਊਸ ਵਿੱਚ ਰੰਗਿਆ ਜਾਂਦਾ ਸੀ । ਉੱਥੇ ਇਹ ਵੀ ਸਿਖਾਇਆ ਜਾਂਦਾ ਸੀ ਕਿ ਭਾਂਡੇ ਕਿਸ ਤਰ੍ਹਾਂ ਤਿਆਰ ਕੀਤੇ ਜਾਂਦੇ ਹਨ । ਮੈਂ ਅੰਗਰੇਜ਼ੀ ਸਿੱਖ ਲਈ ਸੀ । ਇਕ ਲੜਕੀ ਦੀ ਮਾਂ ਨੂੰ ਜਰਮਨ, ਫਰੈਂਚ, ਰਸ਼ੀਅਨ ਅਤੇ ਪੋਲਿਸ਼ ਆਉਂਦੀ ਸੀ, ਪਰ ਉਸ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ । ਉਹੋ ਜਿਹੇ ਬੱਚਿਆਂ ਲਈ ਕਿਰਤੀ ਅਜਾਇਬ ਘਰ ਬਹੁਤ ਮਦਦ ਕਰਦਾ ਸੀ ।

ਮੈਂ ਪੜ੍ਹਨ ਵਾਲੀ ਜਮਾਤ ਵਿੱਚ ਦਾਖ਼ਲਾ ਲੈ ਲਿਆ । ਸ੍ਰੀਮਤੀ ਲੈਂਡਜਬਰਗ ਨੇ ਮੈਨੂੰ ਕੁਝ ਪੜ੍ਹਣ ਲਈ ਦਿੱਤਾ । ਮੈਂ ਹਰ ਰੋਜ਼ ਹੱਲ ਹਾਊਸ ਜਾਂਦੀ ਰਹੀ । ਮੇਰੇ ਕੰਮ ਤੋਂ ਬਾਅਦ ਮੈਨੂੰ ਖ਼ੁਸ਼ੀ ਮਿਲਦੀ ਸੀ । ਮੈਂ ਜੇਨ ਐਡਮਜ਼ ਨੂੰ ਹੱਲ ਹਾਊਸ ਵਿੱਚ ਹਮੇਸ਼ਾਂ ਸਰੀਰਕ ਅਤੇ ਮਾਨਸਿਕ ਤੌਰ ’ਤੇ ਚੜ੍ਹਦੀ ਕਲਾ ਵਿੱਚ ਵੇਖਦੀ ਸਾਂ ।



ਹੱਲ ਹਾਊਸ ਵਿੱਚ ਪੜ੍ਹਨ ਵਾਲੀ ਜਮਾਤ ।

## ਰੇਗਿਸਤਾਨ ਵਿੱਚ ਕਮਲ ਦਾ ਫੁੱਲ (ਲੇਖਕ ਵੱਲੋਂ)

ਸੰਸਾਰ ਵਿੱਚ ਜਿਸ ਜਗ੍ਹਾ 'ਤੇ ਸੱਚੇ ਦਿਲੋਂ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਉੱਥੇ ਰੱਬ ਵੱਲੋਂ ਭੇਜੇ ਹੋਏ ਰੱਬੀ ਬੰਦੇ ਯਾਨੀ ਜਿਹਨਾਂ ਵਿੱਚ ਰੱਬੀ ਗੁਣ ਹੁੰਦੇ ਹਨ ਖਿੱਚੇ ਤੁਰੇ ਆਉਂਦੇ ਹਨ । ਇਸ ਤਰ੍ਹਾਂ ਪਿੰਗਲਵਾੜਾ ਅਤੇ ਹੱਲ ਹਾਊਸ ਦੀਆਂ ਗੱਲਾਂ ਮਿਲਦੀਆਂ-ਜੁਲਦੀਆਂ ਹਨ । ਜਿਵੇਂ ਮੈਨੂੰ ਪਿੰਗਲਵਾੜੇ ਵਿੱਚ ਆ ਕੇ ਬਹੁਤ ਹੀ ਰੱਬੀ ਰੂਹਾਂ ਨੂੰ ਮਿਲਣ ਦਾ ਅਵਸਰ ਮਿਲਿਆ ਹੈ; ਜਿਵੇਂ ਕਿ ਸੁੰਦਰ ਲਾਲ ਬਹੂਗੁਣਾ ਜੀ ਅਤੇ ਵਿਮਲਾ ਬਹੂਗੁਣਾ ਜੀ । ਇਸ ਦੰਪਤੀ ਨੇ ਆਪਣਾ ਸਾਰਾ ਜੀਵਨ ਖਾਲਕ ਦੀ ਬਣਾਈ ਹੋਈ ਖਲਕ ਦੀ ਸੇਵਾ ਕੀਤੀ ਹੈ । ਇਸੇ ਤਰ੍ਹਾਂ ਹੀ ਭਗਵੰਤ ਸਿੰਘ ਜੀ ਦਲਾਵਰੀ ਆਦਿ । ਹਿਲਡਾ ਦੀ ਕਿਤਾਬ ਵਿੱਚ ਇਹ ਚੈਪਟਰ **(The Oasis in the Desert)** ਯਾਨੀ "ਰੇਗਿਸਤਾਨ ਵਿੱਚ ਕਮਲ ਦਾ ਫੁੱਲ" ਪੜ੍ਹ ਕੇ ਇਸ ਤਰ੍ਹਾਂ ਹੀ ਮਹਿਸੂਸ ਹੋਇਆ ਹੈ । ਆਓ ਹੁਣ ਹਿਲਡਾ ਦੀ ਜ਼ੁਬਾਨੀ ਹੀ ਪੜ੍ਹੀਏ ।

ਮੈਂ ਪਿਛਲੇ 50 ਸਾਲਾਂ ਵਿੱਚ ਹੱਲ ਹਾਊਸ ਵੱਲੋਂ ਪ੍ਰਦਾਨ ਕੀਤੀ ਗਈ ਖ਼ੁਸ਼ੀ ਨੂੰ ਮਹਿਸੂਸ ਕਰਦੀ ਹਾਂ । ਮੈਨੂੰ ਸੰਗੀਤ, ਕਿਤਾਬਾਂ, ਕਲਾ ਅਤੇ ਕਾਰੀਗਰੀ ਦੀ ਭੁੱਖ ਸੀ, ਜਿਸ ਨੂੰ ਮੈਂ ਹੱਲ ਹਾਊਸ ਤੋਂ ਪੂਰਾ ਕੀਤਾ । ਹੁਣ ਮੇਰਾ ਪਰਿਵਾਰ ਡੋਸ ਪਲੇਨਜ ਦੇ ਨੇੜੇ ਬੰਕਰ ਗਲੀ ਵਿੱਚ ਤਬਦੀਲ ਹੋ ਗਿਆ

ਸੀ । ਉੱਥੇ ਛੋਟੇ-ਛੋਟੇ ਘਰ ਸਨ । ਇਕ ਦਿਨ ਮੈਨੂੰ ਖ਼ਬਰ ਮਿਲੀ ਕਿ ਰੂਸ ਦਾ ਸ਼ਹਿਜ਼ਾਦਾ ਹੱਲ ਹਾਊਸ ਆ ਰਿਹਾ ਹੈ । ਮੈਂ ਸੋਚਦੀ ਸਾਂ ਕਿ ਸ਼ਹਿਜ਼ਾਦੇ ਨੇ ਰੇਸ਼ਮ ਦੀ ਕਮੀਜ਼ ਪਾਈ ਹੋਵੇਗੀ ਜਿਸ ਦੇ ਬਟਨ ਸੋਨੇ ਦੇ ਹੋਣਗੇ । ਪਰ ਜਦੋਂ ਸ਼ਹਿਜ਼ਾਦਾ ਆਇਆ ਤਾਂ ਪਤਾ ਲੱਗਾ ਕਿ ਉਹ ਛੋਟੇ ਕੱਦ ਦਾ ਆਦਮੀ ਸੀ । ਜੇਨ ਐਡਮਜ਼, ਉਸ ਦਾ ਸੁਆਗਤ ਕਰ ਰਹੀ ਸੀ । ਉਸ ਦੀ ਦਾਹੜੀ ਚਿੱਟੀ ਸੀ, ਜਿਹੜਾ ਕੋਟ ਉਸ ਨੇ ਪਾਇਆ ਹੋਇਆ ਸੀ, ਉਹ ਉਸ ਲਈ ਵੱਡਾ ਜਾਪਦਾ ਸੀ । ਉਹ ਰੂਸ ਦਾ ਸ਼ਹਿਜ਼ਾਦਾ ਪੀਟਰ ਸੀ । ਉਸ ਨੇ ਦੂਸਰੇ ਦਿਨ ਕਾਰਖ਼ਾਨੇ, ਖੇਤ ਅਤੇ ਵਰਕਸ਼ਾਪਾਂ ’ਤੇ ਭਾਸ਼ਣ ਦਿੱਤਾ । ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਲੜਕੀਆਂ ਜਿਹੜਾ ਸਲਫਰ ਢੋਂਦੀਆਂ ਹਨ, ਉਸ ਨਾਲ ਉਹਨਾਂ ਦੇ ਸਿਰ ਦੇ ਵਾਲ ਲੱਥ ਜਾਂਦੇ ਹਨ ਅਤੇ ਉਹ ਕਹਿ ਰਿਹਾ ਸੀ ਕਿ ਡੱਬੀਆਂ ਦੀਆਂ ਤੀਲਾਂ ਕਿਸੇ ਹੋਰ ਸਮਾਨ ਨਾਲ ਬਣਨੀਆਂ ਚਾਹੀਦੀਆਂ ਹਨ ।

ਮੈਂ ਉਸ ਨੂੰ ਦੱਸਿਆ ਕਿ ਮੈਂ ਉਸ ਦਾ ਭਾਸ਼ਣ ਸੁਣਿਆ ਹੈ । ਉਹ ਬਹੁਤ ਖ਼ੁਸ਼ ਸੀ ਕਿ ਜਵਾਨ ਲੋਕ ਜ਼ਿੰਦਗੀ ਦੀਆਂ ਜ਼ਰੂਰੀ ਗੱਲਾਂ ਵਿੱਚ ਦਿਲਚਸਪੀ ਰੱਖਦੇ ਹਨ । ਫਿਰ ਉਹ ਅੱਗੇ ਝੁਕਿਆ ਅਤੇ ਉਸ ਨੇ ਮੇਰਾ ਮੱਥਾ ਚੁੰਮ ਲਿਆ । ਦੂਸਰੇ ਦਿਨ ਜਦੋਂ ਉਹ ਉੱਥੇ ਆਇਆ ਤਾਂ ਮੈਂ ਡਾਂਸ ਕਰ ਰਹੀ ਸਾਂ । ਮੈਂ ਬਾਹਰ ਆਈ ਤਾਂ ਉਹ ਕਹਿਣ ਲੱਗਾ ਕਿ ਮੈਂ ਹੈਰਾਨ ਹਾਂ ਕਿ ਤੂੰ ਡਾਂਸ ਵਰਗੀ ਗ਼ੈਰ-ਜ਼ਰੂਰੀ ਚੀਜ਼ ਨੂੰ ਕਿਸ ਤਰ੍ਹਾਂ ਸਮਾਂ ਦੇ ਸਕਦੀ ਹੈਂ ।

ਮੈਂ ਰੂਸ ਦੇ ਇਕ ਹੋਰ ਯਾਤਰੀ ਕਾਟਾਰੀਨਾ ਬਰੈਸ਼ੋਕੋਵਸਰੀ ਨੂੰ ਮਿਲੀ ਜੋ ਵੱਖਰੀ ਕਿਸਮ ਦਾ ਆਦਮੀ ਸੀ । ਉਹ ਜ਼ਾਰ ਦੇ ਖ਼ਿਲਾਫ਼ ਸੀ ਅਤੇ ਉਸ ਨੇ 30 ਸਾਲ ਜੇਲ੍ਹ ਵਿੱਚ ਗੁਜ਼ਾਰੇ ਸਨ । ਫਿਰ ਇਕ ਵਾਰ ਰੂਸ ਦੀ ਇਕ ਡਰਾਮਾ ਕੰਪਨੀ ਵੱਲੋਂ ਇਕ ਡਰਾਮਾ ਵਿਖਾਇਆ ਗਿਆ ।

ਸ਼ਹਿਜ਼ਾਦੇ ਪੀਟਰ ਦੀ ਹੱਲ ਹਾਊਸ ਵਿੱਚ ਯਾਤਰਾ ਤੋਂ ਦੋ ਸਾਲ ਬਾਅਦ ਪ੍ਰਧਾਨ ਵਿਲੀਅਮ ਕਿਨਲੇ ਨੂੰ ਮਾਰ ਦਿੱਤਾ ਗਿਆ । ਨਿਊਯਾਰਕ ਦੀ ਇਕ ਅਖ਼ਬਾਰ ਵਿੱਚ ਇਹ ਆਇਆ ਕਿ ਸ਼ਹਿਜ਼ਾਦੇ ਨੂੰ ਮਾਰਣ ਵਿੱਚ ਹੱਲ ਹਾਊਸ ਦਾ ਹੱਥ ਹੈ, ਕਿਉਂ ਜੋ ਉਹ ਆਪਣੇ ਆਪ ਨੂੰ ਦੇਸ਼ ਵਿਰੋਧੀ ਕਹਿੰਦਾ ਸੀ ਅਤੇ ਉੱਥੇ ਰਿਹਾ ਸੀ । ਇਸ ’ਤੇ ਮੈਂ ਹੈਰਾਨ ਸਾਂ ਕਿ ਕੀ ਉਸ ਸੰਪਾਦਕੀ ਲਿਖਣ ਵਾਲੇ ਨੂੰ ਅਬਰਾਹਮ ਲਿੰਕਨ ਅਤੇ ਪ੍ਰਧਾਨ ਗਾਰਫੀਲਡ ਨੂੰ ਭੁੱਲ ਗਏ ਸਨ, ਜੋ ਹੱਲ ਹਾਊਸ ਬਣਨ ਤੋਂ ਪਹਿਲਾਂ ਮਾਰੇ ਗਏ ਸਨ ।

ਸ੍ਰੀਮਤੀ ਜੇਨ ਐਡਮਜ਼ ਬੋਲਣ ਅਤੇ ਪ੍ਰੈਸ ਦੀ ਅਜ਼ਾਦੀ ਦੀ ਵੱਡੀ ਹਮਾਇਤੀ ਸੀ। ਹਰ ਕਿਸੇ ਨੂੰ ਹੱਲ ਹਾਊਸ ਵਿੱਚ ਬੋਲਣ ਦੀ ਅਜ਼ਾਦੀ ਸੀ। ਮੈਂ ਕਈਆਂ ਲਈ ਅੰਗਰੇਜ਼ੀ ਦੀ ਉਲਥਾਕਾਰ ਬਣ ਗਈ ਸਾਂ।

## ਸਫ਼ਾਈ ਵੱਲ ਵਿਸ਼ੇਸ਼ ਧਿਆਨ

ਹੱਲ ਹਾਊਸ ਦੇ ਮਗਰ ਛੋਟੇ-ਛੋਟੇ ਹਜ਼ਾਰਾਂ ਘਰ ਗਲੀਆਂ ਵਿੱਚ ਸਨ, ਜਿਨ੍ਹਾਂ ਨਾਲ ਹੱਲ ਹਾਊਸ ਦਾ ਸੰਬੰਧ ਸੀ। ਉੱਥੇ ਆਮ ਗ਼ੰਦਗੀ ਫੈਲੀ ਰਹਿੰਦੀ ਸੀ। ਜਦੋਂ ਜੇਨ ਐਡਮਜ਼ ਨੇ ਮਿਉਂਸਪਲ ਕਮੇਟੀ ਨੂੰ ਇਸ ਬਾਰੇ ਕਿਹਾ ਤਾਂ ਉਹਨਾਂ ਨੇ ਜਵਾਬ ਦਿੱਤਾ ਕਿ ਅਸੀਂ ਕੂੜਾ ਚੁੱਕਣ ਲਈ ਠੇਕਾ ਦਿੱਤਾ ਹੋਇਆ ਸੀ ਤੇ ਇਸ ਤੋਂ ਵੱਧ ਅਸੀਂ ਕੁਝ ਵੀ ਨਹੀਂ ਕਰ ਸਕਦੇ। ਅਗਲੇ ਸਾਲ ਜੇਨ ਐਡਮਜ਼ ਵੀ ਕੂੜਾ ਚੁੱਕਣ ਦਾ ਠੇਕਾ ਲੈਣ ਲਈ ਗਈ ਪਰ ਉਸ ਨੂੰ ਠੇਕਾ ਤਾਂ ਨਾ ਮਿਲਿਆ ਪਰ ਉਸ ਨੂੰ ਵਾਰਡ ਦਾ ਕੂੜਾ ਇੰਸਪੈਕਟਰ ਲਾ ਦਿੱਤਾ ਗਿਆ।

1871 ਦੇ ਅਕਤੂਬਰ ਮਹੀਨੇ ਵਿੱਚ ਵੱਡੀ ਅੱਗ ਲੱਗੀ ਜਿਸ ਨਾਲ ਬਹੁਤ ਸਾਰੇ ਲੋਕਾਂ ਦੇ ਘਰ ਸੜ ਗਏ ਸਨ। ਸਰਕਾਰ ਵੱਲੋਂ ਆਰਜੀ ਪ੍ਰਬੰਧ ਕੀਤੇ ਗਏ। ਅਗਲੇ ਸਾਲ ਜਾਇਦਾਦ ਦੇ ਵਪਾਰ ਕਰਨ ਵਾਲਿਆਂ ਵੱਲੋਂ ਸਸਤੇ ਘਰ ਬਣਾ ਕੇ ਵੇਚਣੇ ਸ਼ੁਰੂ ਕਰ ਦਿੱਤੇ ਗਏ। ਭਾਵੇਂ ਕਈ ਘਰ ਬਣ ਗਏ ਸਨ ਪਰ ਸ਼ਿਕਾਗੋ ਵਿੱਚ ਪ੍ਰਵਾਸੀ ਲੋਕਾਂ ਦੀ ਬਹੁਤ ਵੱਡੀ ਗਿਣਤੀ ਆ ਗਈ ਸੀ। ਛੋਟੇ-ਛੋਟੇ ਘਰਾਂ ਵਿੱਚ ਦੋ-ਦੋ, ਤਿੰਨ-ਤਿੰਨ ਅਤੇ ਚਾਰ-ਚਾਰ ਪਰਿਵਾਰ ਰਹਿ ਰਹੇ ਸਨ। ਇਨ੍ਹਾਂ ਨਾਲ ਹੋਰ ਮੁਸ਼ਕਲਾਂ ਵੀ ਆ ਗਈਆਂ। ਸੀਵਰੇਜ ਦੀ ਸਮੱਸਿਆ ਆ ਗਈ ਅਤੇ ਫਿਰ ਟਾਈਫਾਈਡ ਬੁਖ਼ਾਰ ਵੱਡੀ ਪੱਧਰ ’ਤੇ ਫ਼ੈਲ ਗਿਆ। ਭਾਵੇਂ ਕਿ ਜੇਨ ਐਡਮਜ਼ ਵਾਲੀ ਵਾਰਡ ਵਿੱਚ ਸ਼ਿਕਾਗੋ ਦੀ ਕੁੱਲ ਵੱਸੋਂ ਵਿੱਚੋਂ 1/36 ਹਿੱਸਾ ਵੱਸੋਂ ਸੀ, ਪਰ ਉੱਥੇ ਹੋਈਆਂ ਕੁੱਲ ਮੌਤਾਂ ਵਿੱਚੋਂ 1/6 ਹਿੱਸਾ ਮੌਤਾਂ ਹੋਈਆਂ। ਜੇਨ ਐਡਮਜ਼ ਅਤੇ ਅਲਾਈਸ ਹਮਿਲਟੰਨ ਨੇ ਸਿਹਤ ਸਹੂਲਤਾਂ ਠੀਕ ਕਰਨ ਲਈ ਬਹੁਤ ਵੱਡੇ ਕੰਮ ਕੀਤੇ। ਜਦੋਂ ਸੀਵਰੇਜ ਪ੍ਰਦੂਸ਼ਣ ਹੋ ਗਿਆ ਤਾਂ ਇਸ ਨਾਲ ਪਾਣੀ ਵੀ ਪ੍ਰਦੂਸ਼ਿਤ ਹੋ ਗਿਆ। ਭਾਵੇਂ ਕਿ ਵਾਰਡ ਵਿੱਚੋਂ 52 ਫ਼ੀਸਦੀ ਲੋਕਾਂ ਨੇ ਸਿਹਤ ਨਿਯਮਾਂ ਦੀ ਉਲੰਘਣਾ ਕੀਤੀ ਸੀ ਪਰ ਫਿਰ ਵੀ ਉਹ 48 ਫ਼ੀਸਦੀ ਜਿਨ੍ਹਾਂ ਨੇ ਸਿਹਤ ਨਿਯਮਾਂ ਦੀ ਉਲੰਘਣਾ ਨਹੀਂ ਸੀ ਕੀਤੀ ਉਹਨਾਂ ਨੂੰ ਵੀ ਟਾਈਫਾਈਡ ਨੇ ਨਹੀਂ ਸੀ ਬਖ਼ਸ਼ਿਆ।

ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਟਾਈਫਾਈਡ ਸ਼ਾਇਦ ਮੱਖੀਆਂ ਦੀ ਵਜ੍ਹਾ ਕਰਕੇ ਫੈਲ ਰਿਹਾ ਹੈ, ਪਰ ਬਾਅਦ ਵਿੱਚ ਇਹ ਗੱਲ ਸਾਹਮਣੇ ਆਈ ਕਿ ਵਾਰਡ ਨੰਬਰ 19 ਵਿੱਚ ਸੀਵਰੇਜ ਦੀ ਪਾਈਪ, ਪਾਣੀ ਦੀ ਪਾਈਪ ਵਿੱਚ ਚਲੀ ਗਈ ਹੈ ਅਤੇ ਉਸ ਪਾਣੀ ਵਿੱਚ ਪ੍ਰਦੂਸ਼ਣ ਫੈਲ ਗਿਆ ਹੈ । ਇਸ ਲਈ ਟਾਈਫਾਈਡ ਦੀ ਛਾਣਬੀਣ ਦੇ ਜੋ ਸਿੱਟੇ ਕੱਢੇ ਗਏ, ਉਹਨਾਂ ਦਾ ਲਾਭ ਤਾਂ ਬਾਅਦ ਵਿੱਚ ਹੋਇਆ ਪਰ ਉਸ ਵਕਤ ਲੋਕਾਂ ਦਾ ਬਹੁਤ ਨੁਕਸਾਨ ਹੋਇਆ । ਨਾਲ ਦੀ ਵਾਰਡ ਵਿੱਚ ਟੀ.ਬੀ. ਫੈਲ ਗਈ । ਬਾਅਦ ਵਿੱਚ ਇਸ ਗੱਲ ਦਾ ਪਤਾ ਲੱਗਾ ਕਿ ਜਿਹੜੇ ਲੋਕ ਪਾਟੇ ਪੁਰਾਣੇ ਕੰਬਲ ਲਿਆਉਂਦੇ ਅਤੇ ਉਹਨਾਂ ਨੂੰ ਸੁਕਾ ਕੇ ਵੇਚਦੇ ਹਨ ਇਹ ਉਹਨਾਂ ਨਾਲ ਫੈਲਦੀ ਹੈ ।

ਜੇਨ ਐਡਮਜ਼ ਨੇ ਸਰਕਾਰ ਨੂੰ ਜਨਤਕ ਇਸ਼ਨਾਨ-ਘਰ ਚਾਲੂ ਕਰਨ ਲਈ ਕਿਹਾ, ਪਰ ਮਿਉਂਸਪਲ ਕਮੇਟੀ ਨੇ ਕਿਹਾ ਕਿ ਇਹ ਫ਼ਜ਼ੂਲ ਖ਼ਰਚ ਹੋਵੇਗਾ ਅਤੇ ਇਸ ਨੂੰ ਗ਼ਲਤ ਸਾਬਤ ਕਰਨ ਲਈ ਹੱਲ ਹਾਊਸ ਵਿੱਚ ਉਸ ਨੇ ਤਿੰਨ ਇਸ਼ਨਾਨ-ਘਰ ਸਥਾਪਿਤ ਕਰ ਦਿੱਤੇ, ਜਿਸ ਤੋਂ ਲੋਕਾਂ ਨੇ ਲਾਭ ਲਿਆ ਅਤੇ ਇਸ ਨੂੰ ਵੇਖ ਕੇ ਜਨਤਕ ਇਸ਼ਨਾਨ-ਘਰ ਬਣਨੇ ਸ਼ੁਰੂ ਹੋ ਗਏ ।

ਇਹ ਪੜ੍ਹ ਕੇ ਖ਼ੁਸ਼ੀ ਵੀ ਹੋਈ ਅਤੇ ਮਨ ਉਦਾਸ ਵੀ ਹੋਇਆ। ਖ਼ੁਸ਼ੀ ਇਸ ਲਈ ਕਿ ਜਿਸ ਦੇਸ਼ ਨੂੰ ਅਸੀਂ ਭਾਰਤਵਾਸੀ ਬਹੁਤ ਮਹਾਨ ਸਮਝਦੇ ਹਾਂ ਉੱਥੋਂ ਦੀ ਸੱਭਿਅਤਾ ਸਾਡੇ ਤੋਂ ਕਿੰਨੀ ਪੱਛੜੀ ਹੋਈ ਸੀ । ਭਾਰਤਵਾਸੀ ਇਸ਼ਨਾਨ ਨੂੰ ਕਿੰਨੀ ਮਹੱਤਤਾ ਦਿੰਦੇ ਸੀ । ਸਦੀਆਂ ਪਹਿਲਾਂ ਦਾ ਇਤਿਹਾਸ ਵੀ ਦਰਸਾਉਂਦਾ ਹੈ ਕਿ ਇੱਥੇ ਬਉਲੀਆਂ, ਸਰੋਵਰ ਅਤੇ ਇਸ਼ਨਾਨ-ਘਰ ਸਾਰੇ ਧਾਰਮਿਕ ਅਸਥਾਨਾਂ ਵਿੱਚ ਅਤੇ ਘਰਾਂ ਵਿੱਚ ਵੀ ਹੁੰਦੇ ਸਨ । ਇਸ਼ਨਾਨ-ਘਰ ਜੇ ਪੱਕੇ ਨਹੀਂ ਤਾਂ ਆਰਜੀ ਬਣਾ ਲੈਂਦੇ ਸਨ । ਮਰਦ ਲੋਕ ਖ਼ੂਹਾਂ 'ਤੇ ਇਸ਼ਨਾਨ ਕਰ ਆਉਂਦੇ ਸਨ । ਅਮਰੀਕਾ ਵਿੱਚ ਜਨਤਕ ਥਾਵਾਂ 'ਤੇ ਵੀ ਇਸ਼ਨਾਨ ਘਰ ਨਹੀਂ ਸਨ ਹੁੰਦੇ । ਇਹੋ ਹੀ ਹਾਲ ਇੰਗਲੈਂਡ ਦਾ ਸੀ । ਉਦਾਸੀ ਇਸ ਕਰਕੇ ਹੋਈ ਕਿ ਉਹਨਾਂ ਦੇਸ਼ਾਂ ਨੇ ਸਾਡੇ ਨਾਲੋਂ ਜ਼ਿਆਦਾ ਤਰੱਕੀ ਕਰ ਲਈ । ਵਿੱਦਿਆ ਦੇ ਖੇਤਰ ਵਿੱਚ ਵੀ ਭਾਰਤ ਬਹੁਤ ਅੱਗੇ ਸੀ । ਬਾਹਰਲੇ ਦੇਸ਼ ਤੋਂ ਲੋਕ ਏਥੇ ਪੜ੍ਹਨ ਆਉਂਦੇ ਸੀ । ਹੁਣ ਏਥੋਂ ਲੋਕੀਂ ਬਾਹਰਲੇ ਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ ।

## ਹਿਲਡਾ ਦੀ ਜ਼ੁਬਾਨੀ

ਹੱਲ ਹਾਊਸ ਵਿੱਚ ਆ ਕੇ ਮੈਨੂੰ ਉਦਾਸੀ ਤੋਂ ਅਤੇ ਕਫ਼ ਬਣਾਉਣ ਦੀ ਥਕਾਵਟ ਤੋਂ ਛੁਟਕਾਰਾ ਮਿਲਦਾ ਸੀ । ਇਸ ਲਈ ਮੈਂ ਸ਼ਾਮ ਨੂੰ ਹੱਲ ਹਾਊਸ ਜਾਣ ਲਈ ਉਤਾਵਲੀ ਰਹਿੰਦੀ ਸਾਂ । ਪ੍ਰਵਾਸੀਆਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਉਸ ਵਕਤ ਦੀ ਵੱਡੀ ਲੋੜ ਸੀ । ਅਸਲ ਵਿੱਚ ਮਨੁੱਖੀ ਲੋੜਾਂ ਦੀ ਪੂਰਤੀ ਲਈ ਹੱਲ ਹਾਊਸ ਇਕ ਲੈਬਾਰਟਰੀ ਬਣ ਗਿਆ ਸੀ । ਜਿਹੜੇ ਤਜਰਬੇ ਉੱਥੇ ਕੀਤੇ ਜਾਂਦੇ ਸਨ ਉਹਨਾਂ ਨੂੰ ਸ਼ਹਿਰ ਦੇ ਕੌਂਸਲਰ ਅਣਗੌਲਿਆ ਨਹੀਂ ਸਨ ਕਰ ਸਕਦੇ ।

## ਪਿੰਗਲਵਾੜਾ ਅਤੇ ਹੱਲ ਹਾਊਸ ਦੀਆਂ ਸਮਾਨਤਾਵਾਂ (ਲੇਖਕ ਵੱਲੋਂ)

ਪਿੰਗਲਵਾੜਾ ਵਿੱਚ ਵੀ ਮੈਂ ਇਹ ਅੱਖੀਂ ਵੇਖਿਆ ਅਤੇ ਹੰਢਾਇਆ ਹੈ ਕਿ ਜਦੋਂ ਵੀ ਅਕਾਲ ਪੁਰਖ ਕੋਈ ਹੋਰ ਕੰਮ ਲਈ ਪ੍ਰੇਰਦਾ ਹੈ ਤਾਂ ਉਸਦੇ ਹੱਲ ਲਈ ਵੀ ਕੋਈ ਨਾ ਕੋਈ ਮਦਦਗਾਰ ਭੇਜ ਦਿੰਦਾ ਹੈ । ਪਿੰਗਲਵਾੜਾ ਸੰਸਥਾ ਵਿੱਚ ਕੰਨਾਂ ਤੋਂ ਬਹਿਰੇ ਕੁਝ ਬੱਚੇ ਸਨ । ਖ਼ਿਆਲ ਆਇਆ ਕਿ ਇਹਨਾਂ ਦੀ ਪੜ੍ਹਾਈ ਲਈ ਵੀ ਕੁਝ ਕਰਨਾ ਚਾਹੀਦਾ ਹੈ ਤਾਂ ਅਦਿੱਖ ਸ਼ਕਤੀ ਨੇ ਸ੍ਰ: ਰਾਜਿੰਦਰ ਪਾਲ ਸਿੰਘ ਜੋ ਕਿ ਹਵਾਈ ਫੌਜ ਵਿੱਚੋਂ ਗਰੁੱਪ ਕੈਪਟਨ ਦੀ ਨੌਕਰੀ ਤੋਂ ਮੁਕਤ ਹੋਏ ਹਨ ਭੇਜ ਦਿੱਤਾ ਅਤੇ ਭਗਤ ਪੂਰਨ ਸਿੰਘ ਸਕੂਲ ਬੋਲੇ ਬੱਚਿਆਂ ਲਈ ਖੁੱਲ੍ਹ ਗਿਆ । ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ । ਕੁਦਰਤੀ ਖੇਤੀ ਸ਼ੁਰੂ ਕਰਨ ਦਾ ਖ਼ਿਆਲ ਆਇਆ ਤਾਂ ਸ੍ਰ: ਰਾਜਬੀਰ ਸਿੰਘ ਜੀ ਇਸ ਕੰਮ ਲਈ ਤਿਆਰ ਹੋ ਗਏ ਆਦਿ ।

ਹੱਲ ਹਾਊਸ ਬਾਰੇ ਵੀ ਜੇਨ ਐਡਮਜ਼ ਨੇ ਬੱਚਿਆਂ ਲਈ ਐਲੀਮੈਂਟਰੀ ਸਕੂਲ ਸ਼ੁਰੂ ਕਰ ਦਿੱਤਾ । ਉਸ ਲਈ ਖੇਡ ਦੇ ਮੈਦਾਨ ਦੀ ਜ਼ਰੂਰਤ ਸੀ, ਅਜੇ ਉਹ ਜਗ੍ਹਾ ਲਈ ਸੋਚ ਹੀ ਰਹੀ ਸੀ ਅਤੇ ਰੱਬ ਨੇ ਇਕ ਅਮੀਰ ਆਦਮੀ ਨੂੰ ਪ੍ਰੇਰ ਕੇ ਭੇਜ ਦਿੱਤਾ । ਘਟਨਾ ਇਸ ਤਰ੍ਹਾਂ ਵਾਪਰੀ :

ਇਕ ਅਮੀਰ ਆਦਮੀ ਦੀ ਕਾਫ਼ੀ ਜਾਇਦਾਦ ਸੀ ਜੋ ਹੱਲ ਹਾਊਸ ਦੇ ਕੋਲ ਸੀ । ਉਸ ਨੇ ਐਡਮਜ਼ ਨਾਲ ਗੱਲ ਕੀਤੀ ਅਤੇ ਉਹ ਐਡਮਜ਼ ਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋਇਆ । ਉਸ ਆਦਮੀ ਵੱਲੋਂ ਉਸ ਜਾਇਦਾਦ ਲਈ ਉਹੋ ਕੁਝ ਕੀਤਾ ਜੋ ਜੇਨ ਐਡਮਜ਼ ਨੇ ਉਸ ਨੂੰ ਕਿਹਾ ਸੀ, ਕਿਉਂ ਜੋ ਉਹ

ਜਾਇਦਾਦ .ਗਲਤ ਕੰਮਾਂ ਲਈ ਵਰਤੀ ਜਾਣੀ ਸੀ । ਇਸ ਲਈ ਪਹਿਲਾਂ ਉਸ ਨੂੰ ਢਾਹ ਦਿੱਤਾ ਗਿਆ ਅਤੇ ਫਿਰ ਉੱਥੇ ਸ਼ਹਿਰ ਦੀ ਪਹਿਲੀ ਖੇਡ ਗਰਾਊਂਡ ਬਣੀ । ਅੱਜ ਕੱਲ੍ਹ ਸ਼ਿਕਾਗੋ ਵਿੱਚ ਖੇਡ ਦੇ ਕਈ ਮੈਦਾਨ ਹਨ ।




ਜੇਨ ਐਡਮਜ਼ ਦੀ ਵਿਸ਼ੇਸ਼ਤਾਈ ਸੀ ਕਿ ਉਸ ਨੇ ਕਦੀ ਆਪਣੇ ਆਪ ਨੂੰ ਨਾ ਤਾਂ ਜ਼ਿਆਦਾ ਸਿਆਣਾ ਸਮਝਿਆ ਸੀ ਅਤੇ ਨਾ ਹੀ ਕਦੀ ਆਪਣੇ ਆਪ ਨੂੰ ਦਾਨੀ ਸਮਝਿਆ ਸੀ । ਉਹ ਹਰ ਇਕ ਦਾ ਭਾਵੇਂ ਉਹ ਇਕੱਲਾ ਅਤੇ ਉਦਾਸ ਹੈ, ਉਸ ਦਾ ਓਨਾ ਹੀ ਸੁਆਗਤ ਕਰਦੀ ਸੀ ਜਿੰਨਾ ਕਿਸੇ ਅਮੀਰ ਦਾ ਜਿਹੜਾ ਉਸ ਦੀ ਮਦਦ ਕਰਦਾ ਸੀ ।

ਇਕ ਦਿਨ ਇਕ ਔਰਤ ਆਈ ਜੋਨ, ਜੇਨ ਐਡਮਜ਼ ਨੂੰ ਮਿਲਣਾ ਚਾਹੁੰਦੀ ਸੀ ਪਰ ਰਿਸੈਪਸ਼ਨ ’ਤੇ ਬੈਠੀ ਔਰਤ ਨੇ ਉਸ ਨੂੰ ਕਿਹਾ ਕਿ ਜੇਨ ਐਡਮਜ਼ ਰੁੱਝੀ ਹੋਈ ਹੈ; ਪਰ ਜਦ ਜੇਨ ਐਡਮਜ਼ ਉੱਥੇ ਆ ਗਈ ਉਹ ਅਤੇ ਉਸ ਨੂੰ ਆਪਣੇ ਨਾਲ ਕਾਫ਼ੀ ਹਾਊਸ ਲੈ ਗਈ । ਕੋਈ ਨਹੀਂ ਜਾਣਦਾ ਕਿ ਉਸ ਨੇ ਆਪਣੀ ਸਲਾਹ ਨਾਲ ਕਿੰਨੇ ਲੋਕਾਂ ਨੂੰ ਜੇਲ੍ਹ ਜਾਣ ਤੋਂ ਬਚਾ ਲਿਆ ਹੈ ਅਤੇ ਉਹਨਾਂ ਨੂੰ ਆਰਟਸ, ਸੰਗੀਤ, ਉਦਯੋਗ, ਵਿਗਿਆਨ ਅਤੇ ਸੇਵਾ ਭਾਵਨਾ ਲਈ ਪ੍ਰੇਰਿਆ ਹੈ ।

ਮੈਂ ਆਪਣੀ ਰੀਡਿੰਗ ਦੀ ਜਮਾਤ ਵਿੱਚ ਠੀਕ ਜਾ ਰਹੀ ਸਾਂ । ਇਕ ਦਿਨ ਸ੍ਰੀਮਤੀ ਲੈਂਡਬਰਗ, ਮੈਨੂੰ ਕਹਿਣ ਲੱਗੀ ਕਿ ਤੂੰ ਸ਼ੈਕਸਪੀਅਰ ਕਲੱਬ ਵਿੱਚ ਦਾਖ਼ਲਾ ਲੈ ਲੈ । ਫਿਰ ਇਕ ਦਿਨ ਮੈਨੂੰ ਜੇਨ ਐਡਮਜ਼ ਕਹਿਣ ਲੱਗੀ

ਕਿ ਮੈਂ ਡਾਨਸਿੰਗ ਜਮਾਤ ਵਿੱਚ ਦਾਖ਼ਲਾ ਲਵਾਂ ਤਾਂ ਕਿ ਮੇਰੀ ਬੋਰਡਮ ਖ਼ਤਮ ਹੋ ਜਾਵੇ ਅਤੇ ਮੈਂ ਡਾਨਸਿੰਗ ਜਮਾਤ ਵਿੱਚ ਦਾਖ਼ਲਾ ਲੈ ਲਿਆ । ਡਾਨਸਿੰਗ ਜਮਾਤ ਦੀ ਇੰਚਾਰਜ ਮੇਰੀਵੁਡ ਹਿਨਐਨ ਇਕ ਸਮਝਦਾਰ ਔਰਤ ਸੀ ।

ਮੈਂ ਅਤੇ ਮੇਰੀ ਭੈਣ ਇਕ ਦਿਨ ਜਿਮਨੇਜੀਅਮ ਵਿੱਚ ਗਈਆਂ । ਜਿਮਨੇਜੀਅਮ ਇਸ ਤਰ੍ਹਾਂ ਸੀ ਜਿਵੇਂ ਕਿਸੇ ਰੇਗਿਸਤਾਨ ਵਿੱਚ ਕੰਵਲ ਦਾ ਫੁੱਲ ਹੋਵੇ ।

## ਯੂਨੀਵਰਸਿਟੀ

ਇਕ ਦਿਨ ਜਦੋਂ ਮੈਂ ਸਵਾਗਤੀ ਕਮਰੇ ਵਿੱਚ ਆਈ ਤਾਂ ਉੱਥੇ ਮਿਸ ਜੇਨ ਐਡਮਜ਼ ਬੈਠੀ ਹੋਈ ਸੀ । ਉਸ ਨੇ ਮੈਨੂੰ ਕਿਹਾ ਕਿ ਮੈਂ ਅੰਗਰੇਜ਼ੀ ਕੰਪੋਜੀਸ਼ਨ ਦੀ ਜਮਾਤ ਵਿੱਚ ਦਾਖ਼ਲਾ ਲੈ ਲਵਾਂ ਅਤੇ ਉਹ ਮੈਨੂੰ ਖਾਣੇ ਵਾਲੇ ਕਮਰੇ ਵਿੱਚ ਨਾਲ ਲੈ ਗਈ । ਉੱਥੇ 4-5 ਵਿਅਕਤੀ ਬੈਠੇ ਹੋਏ ਸਨ ਅਤੇ ਉਹਨਾਂ ਨੇ ਮੈਨੂੰ ਪੁੱਛਿਆ ਕਿ ਤੁਸੀਂ ਕਦੀ ਕੁਝ ਲਿਖਿਆ ਹੈ? ਜਦੋਂ ਮੈਂ ਨਾਂਹ ਵਿੱਚ ਜੁਆਬ ਦਿੱਤਾ ਤਾਂ ਉਹਨਾਂ ਨੇ ਕਿਹਾ ਕਿ ਮੈਨੂੰ ਜੋ ਠੀਕ ਲੱਗਦਾ ਹੈ ਉਹ ਲਿਖ ਕੇ ਅਗਲੇ ਹਫ਼ਤੇ ਲੈ ਆਵਾਂ ।

ਮੈਂ ਹੈਰਾਨ ਸਾਂ, ਕਿਉਂ ਜੋ ਉਸ ਨੇ ਇਹ ਤਾਂ ਦੱਸਿਆ ਹੀ ਨਹੀਂ ਕਿ ਕਿਸ ਤਰ੍ਹਾਂ ਲਿਖਣਾ ਹੈ । ਉਸ ਹਫ਼ਤੇ ਮੈਂ ਹੱਲ ਹਾਊਸ ਨਹੀਂ ਗਈ। ਮੈਂ ਸ਼ਾਮ ਨੂੰ ਖਾਣਾ ਖਾਣ ਤੋਂ ਬਾਅਦ ਭਾਂਡੇ ਸਾਫ਼ ਕਰਨੇ ਅਤੇ ਲਿਖਣ ਬੈਠ ਜਾਣਾ । ਜੋ ਕੁਝ ਮੈਂ ਲਿਖਿਆ ਉਹ ਇਸ ਤਰ੍ਹਾਂ ਹੈ:

'ਮੈਂ ਪੋਲਟਰੀ ਦੇ ਆਂਡਿਆਂ ਦੀ ਦੁਕਾਨ 'ਤੇ ਗਈ । ਉੱਥੇ ਬਹੁਤ ਗ਼ੰਦਗੀ ਸੀ, ਮੱਛੀ ਗੰਦੇ ਹੱਥਾਂ ਨਾਲ ਤੋਲੀ ਜਾਂਦਾ ਸੀ , ਤੱਕੜੀ ਵੀ ਗੰਦੀ ਸੀ ਅਤੇ ਫਿਰ ਉਸ ਨੂੰ ਗੰਦੀਆਂ ਅਖ਼ਬਾਰਾਂ ਵਿੱਚ ਪੈਕ ਕੀਤਾ ਜਾਂਦਾ ਸੀ । ਫਿਰ ਮੈਂ ਕਰਿਆਨੇ ਦੀ ਦੁਕਾਨ 'ਤੇ ਗਈ । ਦੁਕਾਨ ਵਿੱਚ ਕਈ ਵਸਤੂਆਂ ਸਨ । ਅਗਲੀ ਦੁਕਾਨ 'ਤੇ ਪੁਰਾਣੇ ਕੋਟ, ਪੈਂਟਾਂ, ਕਮੀਜ਼ਾਂ ਜੋ ਬਹੁਤ ਪੁਰਾਣੇ ਸਨ, ਕੌਣ ਪਾਉਂਦਾ ਹੋਵੇਗਾ, ਇਹ ਬਿਮਾਰਾਂ ਦੇ ਹੋਣਗੇ?' ਇਸ ਤਰ੍ਹਾਂ ਦਾ ਮੈਂ ਕੁਝ ਲਿਖਿਆ । ਅਸੀਂ ਸਾਰਿਆਂ ਨੇ ਉਹ ਲਿਖਤਾਂ ਲਿਆ ਕੇ ਮਿਸਟਰ ਚੰਡੇਲਕਰ ਨੂੰ ਦਿੱਤੀਆਂ ਅਤੇ ਉਸ ਨੇ ਉਹ ਰੱਖ ਲਈਆਂ ਅਤੇ ਕਿਹਾ ਕਿ ਉਹ ਅਗਲੇ ਹਫ਼ਤੇ ਦੱਸੇਗਾ ਕਿ ਉਹਨਾਂ ਦੀਆਂ ਲਿਖਤਾਂ ਬਾਰੇ ਉਸ ਦੇ ਕੀ ਵਿਚਾਰ ਹਨ ।

ਇਹ ਹਫ਼ਤਾ ਮੈਂ ਕਦੀ ਨਹੀਂ ਭੁੱਲ ਸਕਦੀ । ਮੈਂ ਸੋਚਦੀ ਰਹਿੰਦੀ ਸਾਂ, ਮੇਰੀ ਲਿਖਤ "ਗੇਟੋ ਬਜ਼ਾਰ" ਬਾਰੇ ਚੰਦਲੇਰ ਕੀ ਸੋਚਦਾ ਹੋਵੇਗਾ, ਕੀ

ਉਹ ਉਸ ਨੂੰ ਕੂੜੇ ਦੀ ਟੋਕਰੀ ਵਿੱਚ ਸੁੱਟ ਦੇਵੇਗਾ ?

ਮੇਰਾ ਫੈਕਟਰੀ ਵਿੱਚ ਬੁਰਾ ਦਿਨ ਬੀਤਿਆ, ਮੇਰੀ ਮਸ਼ੀਨ ਟੁੱਟ ਗਈ ਸੀ ਅਤੇ ਕਈ ਘੰਟੇ ਨਾਸ਼ ਹੋ ਗਏ ਸਨ । ਮੈਂ ਹੱਲ ਹਾਊਸ ਆਈ । ਮੈਂ ਸੋਚ ਰਹੀ ਸਾਂ ਚੰਦਲੇਰ ਮੇਰੀ ਲਿਖਤ ਬਾਰੇ ਕੀ ਸੋਚਦਾ ਹੋਵੇਗਾ । ਚੰਦਲੇਰ ਆਇਆ ਅਤੇ ਉਸ ਨੇ ਡੱਬਾ ਖੋਲ੍ਹਿਆ । ਹਰ ਇਕ ਲੇਖਕ ਨੂੰ ਉਸ ਦੇ ਕਾਗ਼ਜ਼ ਦਿੱਤੇ ਗਏ ਪਰ ਕੋਈ ਟਿੱਪਣੀ ਨਹੀਂ ਸੀ ਕੀਤੀ ।

ਫਿਰ ਉਸ ਨੇ ਮੇਰਾ ਕਾਗ਼ਜ਼ ਦਿੱਤਾ ਅਤੇ ਕਿਹਾ "ਬਹੁਤ ਖ਼ੂਬ"

ਜਮਾਤ ਦੇ ਖ਼ਤਮ ਹੋਣ 'ਤੇ ਮੈਨੂੰ ਰੁਕਣ ਲਈ ਕਿਹਾ ਗਿਆ, ਕਿਉਂ ਜੋ ਮਿਸ ਜੇਨ ਐਡਮਜ਼ ਮੈਨੂੰ ਮਿਲਣਾ ਚਾਹੁੰਦੀ ਸੀ । ਕਾਫ਼ੀ ਚਿਰ ਉਸ ਨੇ ਚੰਦਲੇਰ ਨਾਲ ਗੱਲਾਂ ਕੀਤੀਆਂ ਅਤੇ ਫਿਰ ਮੈਨੂੰ ਪੁੱਛਿਆ ਕਿ ਕੀ ਮੈਂ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣਾ ਚਾਹੁੰਦੀ ਹਾਂ ਅਤੇ ਚਾਹ ਦੇ ਕੱਪ ਲਈ ਕਿਹਾ । ਚੰਦਲੇਰ ਨੇ ਤੇਰੀ ਲਿਖਤ ਦੀ ਬਹੁਤ ਸਿਫ਼ਤ ਕੀਤੀ ਹੈ ਅਤੇ ਉਸ ਨੇ ਤੈਨੂੰ ਯੂਨੀਵਰਸਿਟੀ ਵਿੱਚ ਦਾਖ਼ਲ ਹੋਣ ਲਈ ਕਿਹਾ ਹੈ । ਪਰ ਮੈਂ ਦੱਸਿਆ ਕਿ ਹਾਈ ਸਕੂਲ ਦੇ ਡਿਪਲੋਮੇ ਤੋਂ ਬਗੈਰ ਕੋਈ ਯੂਨੀਵਰਸਿਟੀ ਕਿਵੇਂ ਜਾ ਸਕਦਾ ਹੈ? ਇਹ ਤਾਂ ਅਸੰਭਵ ਹੈ । ਤਾਂ ਉਸ ਨੇ ਮੇਰਾ ਹੱਥ ਫੜ ਲਿਆ ਅਤੇ ਕਿਹਾ ਕੁਝ ਵੀ ਅਸੰਭਵ ਨਹੀਂ, ਤੂੰ ਗ਼ੈਰ ਸੂਚਿਤ ਵਿਦਿਆਰਥੀ ਦੇ ਤੌਰ 'ਤੇ ਦਾਖ਼ਲ ਹੋ ਸਕਦੀ ਹੈਂ ।

ਮੈਂ ਫਿਰ ਕਿਹਾ ਕਿ ਮੈਂ ਘਰ ਦੀ ਮਦਦ ਕਰਦੀ ਹਾਂ ਅਤੇ ਉਸ ਨੇ ਕਿਹਾ ਕਿ ਮੈਂ ਕਰਜ਼ਾ ਦੇ ਦੇਵਾਂਗੀ, ਜਦੋਂ ਤੇਰੇ ਕੋਲ ਪੈਸੇ ਹੋਣਗੇ ਦੇ ਦੇਵੀਂ—ਤੇ ਫ਼ੀਸ ਦਾ ਫ਼ਿਕਰ ਨਾ ਕਰ, ਵਜੀਫ਼ਾ ਮਿਲ ਜਾਵੇਗਾ ।

ਮੈਂ ਘਰ ਆਈ, ਕੋਟ ਲਾਹਿਆ । ਮੈਨੂੰ ਮੇਰੀ ਭੈਣ ਅਤੇ ਮਾਂ ਨੇ ਪੁੱਛਿਆ ਕਿ ਕੀ ਹੋਇਆ ਹੈ, ਤਾਂ ਮੈਂ ਉਹਨਾਂ ਨੂੰ ਦੱਸਿਆ ਕਿ ਜੇਨ ਐਡਮਜ਼ ਕਹਿੰਦੀ ਹੈ ਕਿ ਮੈਂ ਯੂਨੀਵਰਸਿਟੀ ਵਿੱਚ ਦਾਖ਼ਲਾ ਲਵਾਂ ਅਤੇ ਫਿਰ ਉਹਨਾਂ ਨੂੰ ਮੈਂ ਸਾਰੀ ਗੱਲ ਦੱਸੀ, ਤਾਂ ਮਾਂ ਕਹਿਣ ਲੱਗੀ ਕਿ ਅਮਰੀਕਾ ਵਿੱਚ ਇਸ ਤਰ੍ਹਾਂ ਹੋ ਸਕਦਾ ਹੈ । ਜਵਾਬ ਵਿੱਚ ਮੈਂ ਕਿਹਾ ਕਿ ਕਿਉਂ ਜੁ ਅਮਰੀਕਾ ਵਿੱਚ "ਹੱਲ ਹਾਊਸ" ਹੈ ਅਤੇ ਮਿਸ ਜੇਨ ਐਡਮਜ਼ ਹੈ ।

ਦੂਸਰੇ ਦਿਨ ਫੈਕਟਰੀ ਤੋਂ ਆ ਕੇ ਮੈਂ ਰਾਤ ਦਾ ਖਾਣਾ ਖਾਧਾ ਅਤੇ ਹੱਲ ਹਾਊਸ ਗਈ ਅਤੇ ਜੇਨ ਐਡਮਜ਼ ਨੂੰ ਉਡੀਕਣ ਲੱਗ ਪਈ । ਉਹ ਆਈ ਅਤੇ ਮੈਨੂੰ ਓਕਟਾਜਨ ਹਾਲ ਵਿੱਚ ਲੈ ਗਈ । ਉੱਥੇ ਕਈ ਫੋਟੋ ਲੱਗੀਆਂ

ਹੋਈਆਂ ਸਨ ਜਿਨ੍ਹਾਂ ਵਿੱਚ ਲੀਓ ਟਾਲਸਟਾਏ, ਅਬਰਾਹਮ ਲਿੰਕਨ, ਹੈਨਰੀ ਡੀ ਮਾਰੈਸਟ ਲਾਈਡ, ਜਾਨ ਪੀਟਰ, ਸੂਸਨ ਬੀ, ਐਨਥਨੀ ਅਤੇ ਕਈ ਹੋਰਾਂ ਦੀਆਂ ਫੋਟੋਆਂ ਸਨ

ਮੈਂ ਮਿਸ ਐਡਮਜ਼ ਨੂੰ ਦੱਸਿਆ ਕਿ ਮੇਰੀ ਮਾਂ ਅਤੇ ਭੈਣ ਮੰਨ ਗਈਆਂ ਹਨ। ਮੈਨੂੰ ਉਹ ਸਮਾਂ ਬਹੁਤ ਯਾਦ ਆਉਂਦਾ ਹੈ ਜਦੋਂ ਸਰਦੀਆਂ ਦੇ ਸੈਸ਼ਨ ਵਿੱਚ ਮੈਂ ਸ਼ਿਕਾਗੋ ਯੂਨੀਵਰਸਿਟੀ ਤੋਂ ਮੈਟ੍ਰਿਕ ਕੀਤੀ। ਸਵੇਰੇ ਯੂਨੀਵਰਸਿਟੀ ਜਾਣ ਲੱਗਿਆਂ ਬਹੁਤ ਠੰਡ ਲੱਗਦੀ ਸੀ, ਮੈਂ ਚੰਦਲੇਰ ਕੋਲ ਗਈ, ਉਹ ਮੈਨੂੰ ਰਜਿਸਟ੍ਰੇਸ਼ਨ ਦਫ਼ਤਰ ਵਿੱਚ ਲੈ ਗਿਆ। ਮੈਂ ਤਿੰਨ ਜਮਾਤਾਂ ਵਿੱਚ ਦਾਖ਼ਲਾ ਲਿਆ। ਮੈਂ ਬਹੁਤ ਛੇਤੀ ਹੀ ਬਹੁਤ ਸਾਰੇ ਲੇਖਕਾਂ ਨੂੰ ਪੜ੍ਹ ਲਿਆ। ਪੜ੍ਹਨਾ ਤਾਂ ਮੇਰੇ ਲਈ ਇਕ ਟਾਨਿਕ ਸੀ।

ਉਨਾਂ ਦਿਨਾਂ ਵਿੱਚ ਲੜਕੇ ਅਤੇ ਲੜਕੀਆਂ ਦੀਆਂ ਕਲਾਸਾਂ ਵੱਖਰੀਆਂ-ਵੱਖਰੀਆਂ ਲੱਗਦੀਆਂ ਸਨ। ਲੜਕੀਆਂ ਲਈ ਸਰਦੀ ਵਿੱਚ ਸਵੇਰੇ ਕਲਾਸਾਂ ਲੱਗਦੀਆਂ ਸਨ ਜਦੋਂ ਕਿ ਲੜਕਿਆਂ ਲਈ ਬਾਅਦ ਵਿੱਚ। ਮੈਂ ਇਕ ਪੇਪਰ ਲਿਖਿਆ ਅਤੇ ਮੈਂ ਸਮਝਦੀ ਸਾਂ ਕਿ ਮੈਨੂੰ ਉੱਚੇ ਨੰਬਰ ਮਿਲਣਗੇ। ਚੰਦਲੇਰ ਨੇ ਇਸ ਸੰਬੰਧੀ ਕੋਈ ਟਿੱਪਣੀ ਨਾ ਕੀਤੀ।

ਮੇਰਾ ਦੂਸਰਾ ਵਿਸ਼ਾ ਸੀ '**ਔਰਤਾਂ ਲਈ ਵੋਟ ਦਾ ਹੱਕ**'। ਮੈਂ ਔਰਤਾਂ ਦੇ ਵੋਟ ਦੇ ਹੱਕ ਦੇ ਖ਼ਿਲਾਫ਼ ਸਾਂ ਪਰ ਚੰਦਲੇਰ ਨੇ ਕਿਹਾ ਕਿ ਮੈਂ ਪਹਿਲਾਂ ਔਰਤਾਂ ਦੇ ਹੱਕ ਦੀ ਗੱਲ ਕੀਤੀ ਹੈ, ਇਸ ਲਈ ਉਸ ਤੋਂ ਪਿੱਛੇ ਹਟਣਾ ਠੀਕ ਨਹੀਂ। ਮੈਂ ਤਿੰਨ ਕੋਰਸਾਂ ਵਿੱਚੋਂ ਪਾਸ ਹੋ ਗਈ। ਹੁਣ ਮੇਰੀ ਜ਼ਿੰਦਗੀ ਬਦਲ ਗਈ ਸੀ। ਹੋਰ ਬਹੁਤ ਕੁਝ ਕਰਨ ਨੂੰ ਤਿਆਰ ਸਾਂ। ਮੈਂ ਸੋਚਦੀ ਸਾਂ, ਕਿ ਮੈਂ ਹੋਰ ਕੀ ਕਰਾਂ।

ਉਹਨਾਂ ਗਰਮੀਆਂ ਵਿੱਚ ਮਿਸ ਐਡਮਜ਼ ਬਾਹਰ ਜਾ ਰਹੀ ਸੀ। ਇਸ ਸਮੇਂ ਵਿੱਚ ਉਸਨੇ ਮੈਨੂੰ ਕਿਹਾ ਕਿ ਮੈਂ ਬੂਹੇ ਦੀ ਘੰਟੀ ਅਤੇ ਟੈਲੀਫ਼ੋਨ ਦੇ ਜਵਾਬ ਦਿਆ ਕਰਾਂ। ਉਸ ਸਮੇਂ ਤਕ ਹੱਲ ਹਾਊਸ ਨੂੰ ਵੇਖਣ ਲਈ ਸਾਰੀ ਦੁਨੀਆਂ ਤੋਂ ਲੋਕ ਆਉਂਦੇ ਸਨ। ਮੈਂ ਸਾਰਾ ਦਿਨ ਕੰਮ ਕਰਦੀ ਸਾਂ। ਉਹਨਾਂ ਦਿਨਾਂ ਵਿੱਚ, ਮੈਂ ਸ਼ਨਿੱਚਰਵਾਰ ਵੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੈਂ ਇਸ ਨੂੰ ਕਦੀ ਵੀ ਕੋਈ ਭਾਰ ਨਹੀਂ ਸੀ ਸਮਝਿਆ।

ਯਹੂਦੀ ਟਰੇਨਿੰਗ ਸਕੂਲ ਵਿੱਚ ਸਖ਼ਤ ਗਰਮੀਆਂ ਵਿੱਚ ਜਮਾਤਾਂ ਲੱਗਣੀਆਂ ਬੰਦ ਹੋ ਜਾਂਦੀਆਂ ਸਨ, ਪਰ ਵਿਦੇਸ਼ੀ ਵਿਦਿਆਰਥੀਆਂ ਨੇ ਕਿਹਾ ਕਿ ਜਮਾਤਾਂ ਲਾਉ। ਉਹ ਆਉਣ ਲਈ ਤਿਆਰ ਸਨ। ਮਿਸ ਐਡਮਜ਼

ਮੰਨ ਗਈ, ਪਰ ਜੇ ਅਧਿਆਪਕ ਮਿਲ ਜਾਣ । ਮੈਂ ਅਧਿਆਪਕ ਲੱਗਣ ਲਈ ਤਿਆਰ ਹੋ ਗਈ । ਭਾਵੇਂ ਕਿ ਉਸ ਸਕੂਲ ਦੇ ਮਿਆਰ ਬਹੁਤ ਉੱਚੇ ਸਨ, ਪਰ ਮੈਂ ਅੰਗਰੇਜ਼ੀ ਸਿੱਖੀ ਹੋਈ ਸੀ ਅਤੇ ਮੈਨੂੰ ਇਹ ਖ਼ੁਸ਼ੀ ਸੀ ਕਿ ਮੇਰੀ ਅਧਿਆਪਕ ਲੱਗਣ ਦੀ ਪੇਸ਼ਕਸ਼ ਮੰਨ ਲਈ ਗਈ ਸੀ । ਇਸ ਦਾ ਇਕ ਇਨਾਮ ਇਹ ਵੀ ਮਿਲਿਆ ਕਿ ਮੈਨੂੰ ਸਰਦੀਆਂ ਵਿੱਚ ਵੀ ਪੜ੍ਹਾਈ ਜਾਣ ਲਈ ਕਿਹਾ ਗਿਆ ।

## ਟਰਨਰ ਹਾਲ ਦਾ ਪੱਛਮੀ ਹਿੱਸਾ

ਉਹਨਾਂ ਦਿਨਾਂ ਵਿੱਚ ਜੋ ਵੀ ਹਿਊਮਨ ਰਾਈਟਸ ਦੀ ਗੱਲ ਕਰਦਾ ਸੀ ਅਤੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਬਾਰੇ ਜਾਗਰੂਕ ਕਰਦਾ ਸੀ, ਉਸ ਉੱਤੇ ਕੋਈ ਨਾ ਕੋਈ ਝੂਠਾ ਕੇਸ ਪਾ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਸੀ ਜਾਂ ਮਾਰ ਦਿੱਤਾ ਜਾਂਦਾ ਸੀ । ਹਿਲਡਾ ਅਤੇ ਉਸਦੀ ਭੈਣ ਇਕ ਇਸ਼ਤਿਹਾਰ ਪੜ੍ਹ ਕੇ ਇਕ ਯਾਦਗਾਰੀ ਮੀਟਿੰਗ ਜੋ ਕਿ ਟਰਨਰ ਹਾਲ ਵਿੱਚ ਰੱਖੀ ਗਈ ਵਿੱਚ ਚਲੀਆਂ ਗਈਆਂ । ਉੱਥੇ ਉਹਨਾਂ ਨਾਇਕਾਂ ਨੂੰ ਯਾਦ ਕੀਤਾ ਜਾ ਰਿਹਾ ਸੀ ਜਿਹੜੇ ਸ਼ਹੀਦ ਹੋਏ ਸੀ । ਜਿਹੜੇ ਗ਼ਰੀਬਾਂ ਦੇ ਹੱਕਾਂ ਲਈ ਲੜਦੇ ਸਨ, ਉਹਨਾਂ ਨੂੰ ਦੇਸ਼ ਵਿਰੋਧੀ ਕਿਹਾ ਜਾਂਦਾ ਸੀ, ਤਾਂ ਹੀ ਤਾਂ ਜੇਨ ਐਡਮਜ਼ ਨੂੰ ਵੀ ਅਮਰੀਕਾ ਦੀ ਖ਼ਤਰਨਾਕ ਔਰਤ ਕਿਹਾ ਜਾਂਦਾ ਸੀ ।

ਹਿਲਡਾ ਲਿਖਦੀ ਹੈ ਉੱਥੇ ਕਈ ਸੈਂਕੜੇ ਵਿਅਕਤੀ ਬੈਠੇ ਹੋਏ ਸਨ ਅਤੇ ਸਟੇਜ 'ਤੇ **5** ਵਿਅਕਤੀਆਂ ਦੀਆਂ ਤਸਵੀਰਾਂ ਸਨ । ਮੈਂ ਸੋਚ ਰਹੀ ਸਾਂ ਕਿ ਉਹ ਕੌਣ ਹੋਣਗੇ । ਫਿਰ ਇਕ ਦਮ ਇਕ ਆਦਮੀ ਸਟੇਜ 'ਤੇ ਆਇਆ ਅਤੇ ਫਿਰ ਇਕ ਗਾਣਾ ਗਾਣ ਲੱਗ ਪਿਆ । ਉਹ ਕਹਿਣ ਲੱਗਾ ਕਿ ਸ਼ਿਕਾਗੋ ਦੀ ਧਰਤੀ ਖ਼ੂਨੀ ਹੈ ਜਿੱਥੇ ਕੁਝ ਸਾਲ ਪਹਿਲਾਂ ਨਾਇਕਾਂ ਨੂੰ ਮਾਰ ਦਿੱਤਾ ਗਿਆ ਸੀ। ਫਿਰ ਸਟੇਜ 'ਤੇ ਇਕ ਭਾਸ਼ਣ ਦੇਣ ਵਾਲੀ ਔਰਤ ਆਈ ਉਸ ਦਾ ਨਾਂ ਏਮਾਂ ਗੋਲਡਮੈਨ ਸੀ, ਉਹ ਛੋਟੇ ਕੱਦ ਦੀ ਸੀ ।

ਉਹ ਕਹਿਣ ਲੱਗੀ ਕਿ ਭਾਵੇਂ ਸ਼ਹੀਦਾਂ ਦੀ ਕਹਾਣੀ ਨੂੰ ਹਰ ਕੋਈ ਜਾਣਦਾ ਹੈ ਪਰ ਇਸ ਨੂੰ ਹਰ ਸਾਲ ਦੁਹਰਾਇਆ ਜਾਂਦਾ ਹੈ ।

ਉਹ ਇਸ ਤਰ੍ਹਾਂ ਸੀ ਕਿ 1886 ਵਿੱਚ ਕਿਰਤੀਆਂ ਨੇ ਦਿਨ ਵਿੱਚ 8 ਘੰਟੇ ਕੰਮ ਕਰਨ ਦੀ ਮੰਗ ਰੱਖੀ ਸੀ । ਉਸ ਸਾਲ ਮਈ ਦਿਨ 'ਤੇ ਕੋਈ 40 ਹਜ਼ਾਰ ਕਿਰਤੀ ਹੜਤਾਲ 'ਤੇ ਗਏ । ਮਾਲਕਾਂ ਨੂੰ ਪੁਲਿਸ ਦੀ ਸੁਰੱਖਿਆ ਮਿਲ ਗਈ । ਤਿੰਨ ਮਈ ਨੂੰ ਇਕ ਕਿਰਤੀ ਨੂੰ ਪੁਲਿਸ ਵਾਲਿਆਂ ਮਾਰ ਦਿੱਤਾ । ਅਗਲੇ ਦਿਨ ਰੋਸ ਕਰਨ ਲਈ ਮੀਟਿੰਗ ਸੱਦੀ ਗਈ ਜਿਸ ਵਿੱਚ ਕੁਝ ਕਿਰਤੀ

ਦੇਸ਼ ਵਿਰੋਧੀ ਸਨ। ਮੇਰੇ ਲਈ ਦੇਸ਼ ਵਿਰੋਧੀ ਲਫ਼ਜ਼ ਇਕ ਨਵਾਂ ਲਫ਼ਜ਼ ਸੀ।

ਇਹ ਰੋਸ ਮੀਟਿੰਗ ਹੇਅ ਮਾਰਕੀਟ ਸੁਕੈਏਰ ਵਿਖੇ ਹੋ ਰਹੀ ਸੀ, ਹਜ਼ਾਰਾਂ ਲੋਕ ਆਏ ਸਨ। ਸ਼ਹਿਰ ਦੇ ਮੇਅਰ, ਕਾਰਟਰ ਹੈਰੀਸਨ ਨੇ ਇਹ ਮਹਿਸੂਸ ਕੀਤਾ। ਉਹ ਆਪ ਆਇਆ ਅਤੇ ਜਾਣ ਲੱਗਿਆਂ ਪੁਲਿਸ ਸਟੇਸ਼ਨ ਕੈਪਟਨ ਨੂੰ ਕਹਿ ਗਿਆ ਕਿ ਉੱਥੇ ਪੁਲਿਸ ਭੇਜਣ ਦੀ ਲੋੜ ਨਹੀਂ ਪਰ ਮੇਅਰ ਦੇ ਕਹਿਣ ਦੇ ਉਲਟ ਕੈਪਟਨ ਨੇ ਬਹੁਤ ਵੱਡੀ ਗਿਣਤੀ ਵਿੱਚ ਪੁਲਿਸ ਉੱਥੇ ਭੇਜ ਦਿੱਤੀ। ਜਦੋਂ ਪੁਲਿਸ ਹੇਅ ਮਾਰਕੀਟ ਸੁਕੈਏਰ ਕੋਲ ਆਈ ਤਾਂ ਕਿਸੇ ਨੇ ਬੰਬ ਸੁੱਟ ਦਿੱਤਾ, ਜਿਸ ਨਾਲ ਕਾਫ਼ੀ ਪੁਲਿਸ ਵਾਲੇ ਮਾਰੇ ਗਏ, ਬਾਅਦ ਵਿੱਚ ਇਸ ਕਾਰਵਾਈ ਨੂੰ ਦੇਸ਼ ਵਿਰੋਧੀਆਂ ਦੇ ਜ਼ਿੰਮੇ ਲਾ ਦਿੱਤਾ।

ਬਾਅਦ ਵਿੱਚ 8 ਆਦਮੀਆਂ 'ਤੇ ਕੇਸ ਚੱਲਿਆ। ਉਹਨਾਂ 8 ਵਿੱਚੋਂ 2 ਹੀ ਉਸ ਮੀਟਿੰਗ ਵਿੱਚ ਸਨ। ਇਕ ਆਦਮੀ, ਉਸ ਦਿਨ ਸ਼ਿਕਾਗੋ ਵਿੱਚ ਵੀ ਨਹੀਂ ਸੀ। ਇਹ 8 ਵਿਅਕਤੀ ਉਹ ਸਨ ਜਿਹੜੇ 8 ਘੰਟੇ ਦੇ ਦਿਨ ਲਈ ਜ਼ਿਆਦਾ ਬੋਲਦੇ ਸਨ।

ਜਦੋਂ ਮੈਂ ਇਹ ਗੱਲ ਸੁਣ ਰਹੀ ਸਾਂ ਤਾਂ ਮੈਂ ਸੋਚ ਰਹੀ ਸਾਂ ਕਿ ਮੈਂ ਜਿਸ ਫੈਕਟਰੀ ਵਿੱਚ ਕੰਮ ਕਰਦੀ ਹਾਂ ਉਸ ਵਿੱਚ ਕਿੰਨਾ ਜ਼ਿਆਦਾ ਕੰਮ ਕਰਨਾ ਪੈਂਦਾ ਹੈ। ਪਰ ਜੇ 8 ਘੰਟੇ ਦਾ ਦਿਨ ਹੋ ਜਾਵੇਗਾ ਤਾਂ ਉਹਨਾਂ ਲੋਕਾਂ ਨੂੰ ਹਮੇਸ਼ਾਂ ਲਈ ਯਾਦ ਰੱਖਿਆ ਜਾਵੇਗਾ।

ਉਹਨਾਂ 5 ਨਾਂਵਾਂ ਵਿੱਚੋਂ ਮੈਂ ਸਿਰਫ਼ ਦੋ ਬਾਰੇ ਹੀ ਜਾਣਦੀ ਹਾਂ—ਇਕ ਦਾ ਨਾਂ ਹੈ ਅਲਬਰਟ ਪਾਰਸੰਨਜ ਅਤੇ ਦੂਸਰਾ ਅਰਾਸਟ ਸਪਾਈਨ। ਇਹਨਾਂ ਦੋਵਾਂ ਨੂੰ ਮੈਂ ਕਿਉਂ ਜਾਣਦੀ ਸਾਂ ਇਹ ਮੈਂ ਬਾਅਦ ਵਿੱਚ ਦੱਸਾਂਗੀ। ਇਨ੍ਹਾਂ 8 ਵਿਅਕਤੀਆਂ 'ਤੇ ਕੇਸ ਚੱਲਿਆ ਅਤੇ ਉਹਨਾਂ ਨੂੰ ਦੋਸ਼ੀ ਪਾਇਆ ਗਿਆ। ਪ੍ਰੈਜ਼ੀਡੈਂਟ ਜੱਜ ਨੇ ਇਹ ਮੰਨ ਲਿਆ ਕਿ ਉਹਨਾਂ 8 ਵਿੱਚੋਂ 6 ਉੱਥੇ ਨਹੀਂ ਸਨ, ਪਰ ਉਹਨਾਂ ਦੇ ਭਾਸ਼ਣ ਕਰਕੇ ਕੋਈ ਉੱਥੇ ਬੰਬ ਸੁੱਟਣ ਲਈ ਤਿਆਰ ਹੋ ਗਿਆ, ਇਸ ਲਈ ਉਹਨਾਂ ਨੂੰ ਦੋਸ਼ੀ ਘੋਸ਼ਿਤ ਕਰ ਦਿੱਤਾ ਗਿਆ।

ਐਮ ਗੋਲਡਮੈਨ ਨੇ ਦੱਸਿਆ ਕਿ ਇਸ ਫ਼ੈਸਲੇ ਦੇ ਵਿਰੁੱਧ ਬਰਨਾਰਡ ਸ਼ਾਹ ਅਤੇ ਵਿਲੀਅਮ ਮੋਰਿਸ ਦੇ ਨਾਲ ਸਾਰੀ ਦੁਨੀਆਂ ਵਿੱਚੋਂ ਮੰਗ ਆਈ ਸੀ। ਅਮਰੀਕਾ ਵਿੱਚੋਂ ਵਿਲੀਅਮ ਡੀਨ ਹੋਵਲ, ਹੈਨਰੀ ਡੈ ਮਾਰੈਸਟ ਲਾਇਡ ਅਤੇ ਕਈ ਹੋਰਾਂ ਨੇ ਇਸ ਵਿਰੁੱਧ ਰੋਸ ਪ੍ਰਗਟ ਕੀਤਾ ਸੀ।

ਕਾਰਖ਼ਾਨਿਆਂ ਦੇ ਮਾਲਕ ਸਮਝਦੇ ਸਨ ਕਿ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਨਾਲ ਇਹ ਮੰਗ ਖ਼ਤਮ ਹੋ ਜਾਵੇਗੀ ਪਰ ਇਹ ਮੰਗ ਸਗੋਂ ਹੋਰ ਵਧਦੀ ਹੀ ਗਈ।

ਅਲਬਰਟ ਪਾਰਸੰਨਜ਼ ਉਸ ਦਿਨ ਵਿਸਕੋਨਸਿਨ ਵਿਖੇ ਸੀ । ਕਈ ਦਿਨਾਂ ਬਾਅਦ ਉਸ ਨੇ ਉਸ ਬੰਬ ਲਈ ਉਸ ’ਤੇ ਸ਼ੱਕ ਲਈ ਇਨਾਮ ਬਾਰੇ ਪੜ੍ਹਿਆ ਤਾਂ ਉਸ ਨੂੰ ਆਪਣੇ ਆਪ ’ਤੇ ਇੰਨਾ ਯਕੀਨ ਸੀ ਕਿ ਜਦੋਂ ਉਸ ਨੇ ਇਸ ਸੰਬੰਧੀ ਪੜ੍ਹਿਆ ਤਾਂ ਉਹ ਆਪ ਹੀ ਆ ਕੇ ਪੇਸ਼ ਹੋ ਗਿਆ ਪਰ ਉਸ ਨੂੰ ਦੋਸ਼ੀ ਸਾਬਤ ਕਰ ਦਿੱਤਾ ਗਿਆ ।

**8** ਆਦਮੀਆਂ ਨੂੰ ਮੁਆਫ਼ੀ ਦੇਣ ਲਈ ਕਿਹਾ ਗਿਆ, ਪਰ ਜੇ ਉਹ ਰਹਿਮ ਦੀ ਅਪੀਲ ’ਤੇ ਦਸਤਖ਼ਤ ਕਰ ਦੇਣ । ਪਹਿਲਾਂ ਉਹਨਾਂ ਨੇ ਰਹਿਮ ਦੀ ਅਪੀਲ ’ਤੇ ਦਸਤਖ਼ਤ ਕਰਨ ਤੋਂ ਇਨਕਾਰ ਕੀਤਾ, ਕਿਉਂ ਜੋ ਇਸ ਨਾਲ ਉਹਨਾਂ ਨੂੰ ਦੋਸ਼ੀ ਮੰਨ ਲਿਆ ਜਾਵੇਗਾ । ਉਹਨਾਂ ਦੇ ਪਰਿਵਾਰਾਂ ਵੱਲੋਂ ਪ੍ਰਭਾਵਿਤ ਕਰਨ ’ਤੇ ਬਾਅਦ ਵਿੱਚ ਤਿੰਨਾਂ ਨੇ ਦਸਤਖ਼ਤ ਕਰ ਦਿੱਤੇ ਅਤੇ ਉਹਨਾਂ ਦੀ ਸਜ਼ਾ ਨੂੰ ਜੇਲ੍ਹ ਵਿੱਚ ਰਹਿਮ ਵਿੱਚ ਬਦਲ ਦਿੱਤਾ ਗਿਆ । ਬਾਅਦ ਵਿੱਚ ਉਹਨਾਂ ਨੂੰ ਗਵਰਨਰ ਨੇ ਮੁਆਫ਼ ਕਰ ਦਿੱਤਾ । ਗੋਲਡਮੈਨ ਉਹਨਾਂ ਮੁਆਫ਼ੀ ਵਾਲਿਆਂ ਲਈ ਸਖ਼ਤ ਵਿਚਾਰ ਰੱਖਦਾ ਸੀ ਕਿਉਂ ਜੋ ਉਹਨਾਂ ਨੇ ਬਾਕੀ ਪੰਜਾਂ ਦੀ ਕਿਸਮਤ ਤਬਾਹ ਕਰ ਦਿੱਤੀ ਸੀ ।

ਉਹਨਾਂ ਪੰਜਾਂ ਨੂੰ ਜਿਨ੍ਹਾਂ ਨੂੰ ਫ਼ਾਂਸੀ ਦਿੱਤੀ ਗਈ ਸੀ ਉਹਨਾਂ ਨੂੰ ਯਾਦ ਕੀਤਾ ਜਾ ਰਿਹਾ ਸੀ ।

ਹਿਲਡਾ ਲਿਖਦੀ ਹੈ ਕਿ ਪੰਜਾਂ ਵਿੱਚੋਂ ਇਕ ਦਾ ਨਾਮ ਅਗਾਸਤ ਸਪਾਈਜ ਸੀ ਜਿਸਦੀ ਖ਼ੂਬਸੂਰਤ ਪਤਨੀ ਸੀ । ਉਹ ਆਪਣੇ ਪਤੀ ਦੀ ਫ਼ਾਂਸੀ ਤੋਂ ਇਕ ਦਿਨ ਪਹਿਲਾਂ, ਜੇਲ੍ਹ ਵਿੱਚ ਆਪਣੇ ਪਤੀ ਨੂੰ ਆਖ਼ਰੀ ਵਾਰ ਮਿਲਣ ਗਈ । ਉਸ ਦੇ ਲੰਮੇ ਕਾਲੇ ਵਾਲ ਸਨ ਜਿਨ੍ਹਾਂ ਦਾ ਉਸ ਨੇ ਜੂੜਾ ਕੀਤਾ ਹੋਇਆ ਸੀ । ਉਸ ਜੂੜੇ ਵਿੱਚ ਉਸ ਨੇ ਇਕ ਛੋਟਾ ਜਿਹਾ ਬੰਬ ਲੁਕਾਇਆ ਹੋਇਆ ਸੀ, ਜਿਹੜਾ ਉਸ ਨੇ ਆਪਣੇ ਪਤੀ ਨੂੰ ਦੇ ਦਿੱਤਾ ਅਤੇ ਉਸ ਨੇ ਆਪਣੇ ਮੂੰਹ ਵਿੱਚ ਪਾ ਲਿਆ ਅਤੇ ਉਹ ਉੱਥੇ ਹੀ ਮਰ ਗਿਆ, ਕਿਉਂ ਜੋ ਬੰਬ ਉੱਥੇ ਹੀ ਚੱਲ ਗਿਆ ਸੀ ।

ਬਾਕੀ 4 ਨੂੰ ਫ਼ਾਂਸੀ ਦੇ ਦਿੱਤੀ ਗਈ । ਇਸ ਤਰ੍ਹਾਂ ਉਹ ਸ਼ਾਮ ਖ਼ਤਮ ਹੋ ਗਈ ।

ਦੂਸਰੇ ਦਿਨ ਮੈਂ ਸਾਰਾ ਦਿਨ ਸੋਚਦੀ ਰਹੀ ਕਿ ਮੇਰੇ ਮਾਂ-ਬਾਪ ਇਸ ਖ਼ੂਬਸੂਰਤ ਦੇਸ਼ ਵਿੱਚ ਆਏ ਸਨ ਕਿ ਇੱਥੇ ਭਾਵੇਂ ਕੋਈ ਗ਼ਲਤ ਵੀ ਹੋਵੇ ਉਸ ਨੂੰ ਕਹਿਣ ਦੀ ਅਜ਼ਾਦੀ ਹੈ; ਪਰ ਉਹ ਲੋਕ ਕੁਝ ਕਹਿਣ ਲਈ ਹੀ ਮਾਰੇ ਗਏ ਸਨ, ਨਾ ਕਿ ਕਿਸੇ ਕਾਨੂੰਨ ਨੂੰ ਤੋੜਨ ਬਦਲੇ ।

ਕਈ ਸਾਲਾਂ ਬਾਅਦ ਮੈਂ ਹੈਨਰੀ ਸੈਟ ਡੀਮਾਰਸਟ ਲਾਇਡ ਦੀ ਜੀਵਨ-ਕਥਾ, ਉਸ ਦੀ ਭੈਣ ਵੱਲੋਂ ਲਿੱਖੀ ਪੜ੍ਹੀ ਅਤੇ ਹੇਠਲੇ ਲਿਖੇ ਤੋਂ ਬਹੁਤ ਪ੍ਰਭਾਵਿਤ ਹੋਈ ।

ਦੂਸਰੇ ਦਿਨ ਜਨਾਜ਼ੇ 'ਤੇ ਉਸ ਨੇ ਲਿਖਿਆ **"ਚਲੋ ਲੋਕਾਂ ਦੀ ਅਵਾਜ਼ ਤਾਂ ਸੁਣੀ ਜਾਵੇਗੀ ।"**

**(ਇਹੋ ਕੁਝ ਹੁਣ ਸਾਡੇ ਦੇਸ਼ ਵਿੱਚ ਵੀ ਵਾਪਰ ਰਿਹਾ ਹੈ ਅਤੇ ਮੈਨੂੰ ਲੱਗਦਾ ਹੈ ਸਾਰੇ ਦੇਸ਼ਾਂ ਵਿੱਚ ਵੀ ਹੋ ਰਿਹਾ ਹੈ । ਜੋ ਰਾਜ ਕਰਦਾ ਹੈ ਉਹ ਹੰਕਾਰ ਵੱਸ ਆ ਕੇ ਜ਼ੁਲਮ ਕਰੀ ਜਾਂਦਾ ਹੈ ਅਤੇ ਇਨਸਾਨੀਅਤ ਤੋਂ ਦੂਰ ਹੋ ਜਾਂਦਾ ਹੈ ।) (ਲੇਖਕ ਦੇ ਵਿਚਾਰ)**

## ਨਵੀਆਂ ਮੰਜ਼ਲਾਂ

ਪ੍ਰਵਾਸੀਆਂ ਦੀ ਅੰਗਰੇਜ਼ੀ ਦੀ ਜਮਾਤ ਵਿੱਚ ਬਹੁਤ ਜ਼ਿਆਦਾ ਗਿਣਤੀ ਹੁੰਦੀ ਸੀ ਅਤੇ ਇਸ ਨਾਲ ਮੇਰਾ ਵਿਸ਼ਵਾਸ ਵਧਦਾ ਸੀ । ਕਈ ਵਾਰ ਜੇਨ ਐਡਮਜ਼ ਵੇਖਣ ਆਉਂਦੀ ਅਤੇ ਉਹ ਇਕ ਮੁਸਕੁਰਾਹਟ ਦੇ ਕੇ ਚਲੀ ਜਾਂਦੀ ।

ਇਕ ਵਾਰ ਇਕ ਯੂਨਾਨੀ ਪ੍ਰੋਫ਼ੈਸਰ ਅੰਗਰੇਜ਼ੀ ਸਿੱਖਣ ਲਈ ਆਇਆ ਅਤੇ ਉਸ ਨੇ ਮੇਰੀ ਜਮਾਤ ਵਿੱਚ ਦਾਖ਼ਲਾ ਲੈ ਲਿਆ । ਸਾਡੇ ਕੋਲ ਪਾਠ ਪੁਸਤਕਾਂ ਦੀ ਕਮੀ ਨਹੀਂ ਸੀ । ਮੈਂ ਅਜ਼ਾਦੀ ਦੀ ਘੋਸ਼ਣਾ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਕਿਉਂ ਜੋ ਇਸ ਵਿੱਚ ਅਮਰੀਕਾ ਨੂੰ ਸਮਝਣ ਲਈ ਕਾਫ਼ੀ ਕੁਝ ਸੀ । ਉਸ ਤੋਂ ਬਾਅਦ ਵਿਦਿਆਰਥੀਆਂ ਨੇ ਇਹ ਪੜ੍ਹਿਆ ਕਿ ਉਹ ਕਿਵੇਂ ਅਮਰੀਕਾ ਦੇ ਸ਼ਹਿਰੀ ਬਣਨ । ਇਹ ਬੜਾ ਉਤਸ਼ਾਹਜਨਕ ਵਿਸ਼ਾ ਸੀ।

ਅਸਲ ਵਿੱਚ "ਹੱਲ ਹਾਊਸ" ਵਿੱਚ ਆਉਣ ਵਾਲੇ ਸਿਰਫ਼ ਵਿਦਿਆਰਥੀ ਹੀ ਨਹੀਂ ਸਨ, ਉਹਨਾਂ ਵਿੱਚ ਆਪਸੀ ਅਪਣੱਤ ਸੀ । ਉਹ ਹੱਲ ਹਾਊਸ ਵਿੱਚ ਹੋਣ ਵਾਲੇ ਵੱਖ-ਵੱਖ ਕੰਮਾਂ ਬਾਰੇ ਜਾਣਨਾ ਚਾਹੁੰਦੇ ਸਨ ।

ਇਕ ਦਿਨ ਜਮਾਤ ਖ਼ਤਮ ਹੋਣ 'ਤੇ ਇਕ ਵਿਦਿਆਰਥੀ ਬੈਠਾ ਰਿਹਾ । ਜਦੋਂ ਮੈਂ ਉਸ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦਾ ਓਪ੍ਰੇਸ਼ਨ ਹੋਣਾ ਹੈ, ਪਰ ਉਸ ਕੋਲ ਪੈਸੇ ਨਹੀਂ ਹਨ । ਉਸ ਵੇਲੇ ਮੇਰੇ ਮਨ ਵਿੱਚ ਪਹਿਲੀ ਗੱਲ ਇਹ ਆਈ ਕਿ ਇਹ ਵਿਅਕਤੀ ਬਚਣਾ ਚਾਹੀਦਾ ਹੈ । ਮੈਂ ਉਸ ਨੂੰ ਮਿਸ ਐਡਮਜ਼ ਨੂੰ ਮਿਲਣ ਲਈ ਕਿਹਾ ਅਤੇ ਮਿਸ ਐਡਮਜ਼ ਨੇ ਕਿਹਾ ਕਿ ਉਹ ਡਾਕਟਰ ਮੈਕਆਰਥਰ ਨੂੰ ਫ਼ੋਨ ਕਰ ਦੇਵੇਗੀ । ਉਹ ਚਲਾ ਗਿਆ ਅਤੇ ਉਸ ਦਾ ਓਪ੍ਰੇਸ਼ਨ ਹੋ ਗਿਆ, ਕਿਉਂ ਜੋ ਜੇਨ ਐਡਮਜ਼ ਦੀ ਗੱਲ ਕੋਈ ਵੀ

ਨਹੀਂ ਸੀ ਮੋੜਦਾ ।

ਹੱਲ ਹਾਊਸ ਵਿੱਚ ਕੰਮ ਕਰਨ ਵਾਲੇ, ਉੱਥੇ ਸ਼ਾਮ ਨੂੰ ਕੰਮ ਕਰਦੇ ਸਨ ਅਤੇ ਕੋਈ ਤਨਖ਼ਾਹ ਨਹੀਂ ਸਨ ਲੈਂਦੇ । ਤਨਖ਼ਾਹ ਸਿਰਫ਼ ਉਹੋ ਲੈਂਦੇ ਸਨ ਜਿਹੜੇ ਪੂਰਾ ਸਮਾਂ ਕੰਮ ਕਰਦੇ ਸਨ । ਇਕ ਕੰਪਨੀ ਮੇਲ ਆਰਡਰ ਹਾਊਸ ਨੂੰ ਬਿਲ ਕਲਰਕ ਦੀ ਲੋੜ ਸੀ । ਮੈਂ ਟਾਈਪ ਸਿੱਖੀ ਹੋਈ ਸੀ । ਮੈਂ ਉਸ ਲਈ ਅਰਜ਼ੀ ਦਿੱਤੀ ਅਤੇ ਅਗਲੇ ਦਿਨ ਮੈਨੂੰ ਨੌਕਰੀ ਮਿਲ ਗਈ । ਉਸ ਕੰਪਨੀ ਦੇ ਇੰਸਪੈਕਟਰ ਨੇ ਮੈਨੂੰ ਦਫ਼ਤਰ ਦੇ ਅਸੂਲ ਸਮਝਾਏ ਕਿ ਕਿਸੇ ਨਾਲ ਗੱਲ ਨਹੀਂ ਕਰਨੀ । ਸਿਰਫ਼ ਦੁਪਹਿਰ ਦੇ ਖਾਣੇ ’ਤੇ ਹੀ ਇਸ ਤਰ੍ਹਾਂ ਦੀ ਅਜ਼ਾਦੀ ਸੀ ।

ਮੈਂ ਕੁਝ ਦਿਨ ਚੁੱਪ-ਚਾਪ ਕੰਮ ਕੀਤਾ ਅਤੇ ਤੀਸਰੇ ਦਿਨ ਮੇਰੀ ਮਾਂ ਨੇ ਕਿਹਾ ਕਿ ਤੇਰੀ ਅਵਾਜ਼ ਬਦਲੀ ਹੋਈ ਹੈ ਤਾਂ ਮੈਨੂੰ ਇਹ ਪਤਾ ਲੱਗਾ ਕਿ ਮੇਰੇ ਗੱਲ ਨਾ ਕਰਨ ਕਰਕੇ ਮੇਰੀ ਮਸ਼ਕ ਨਹੀਂ ਹੋਈ, ਇਸ ਲਈ ਫੈਕਟਰੀ ਵਾਲੀ ਨੌਕਰੀ ਵਾਂਗ ਇਹ ਵੀ ਘਟੀਆ ਨੌਕਰੀ ਸੀ ਅਤੇ ਅਗਲੇ ਦਿਨ ਮੈਂ ਇਸ ਸੰਬੰਧੀ ਰੋਸ ਪ੍ਰਗਟ ਕੀਤਾ ਕਿ ਮੈਂ ਨਾਲ ਬੈਠੀ ਕੁੜੀ ਨਾਲ ਕਿਉਂ ਗੱਲ ਨਹੀਂ ਕਰ ਸਕਦੀ ਅਤੇ ਮੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ।

ਇਕ ਵਾਰ ਮੈਂ ਕੈਦੀਆਂ ਲਈ ਕੱਪੜੇ ਦੀ ਫੈਕਟਰੀ ਵਿੱਚ ਇਕ ਗਰੁੱਪ ਨਾਲ ਗਈ ਅਤੇ ਮੈਂ ਵੇਖਿਆ ਕਿ ਉੱਥੇ ਲੋਕ ਇਸ਼ਾਰਿਆਂ ਨਾਲ ਗੱਲਾਂ ਕਰਦੇ ਸਨ, ਤਾਂ ਮੈਂ ਸੋਚ ਰਹੀ ਸਾਂ ਕਿ ਕੀ ਜੇਲ੍ਹ ਨੇ ਮੇਲ ਆਰਡਰ ਹਾਊਸ ਜਿੱਥੇ ਮੈਂ ਪਹਿਲਾਂ ਕੰਮ ਕਰਦੀ ਸਾਂ ਤੋਂ ਇਹ ਗੱਲ ਸਿੱਖੀ ਹੋਵੇਗੀ ਜਾਂ ਮੇਲ ਆਰਡਰ ਹਾਊਸ ਨੇ ਜੇਲ੍ਹ ਤੋਂ ਸਿੱਖੀ ਹੋਵੇਗੀ ।

ਮੈਂ ਫਿਰ ਨੌਕਰੀ ਲੱਭ ਰਹੀ ਸਾਂ ਤਾਂ ਜੇਨ ਐਡਮਜ਼ ਨੇ ਮੈਨੂੰ ਦੱਸਿਆ ਕਿ ਮੈਂ ਮੈਕਲਰਗ ਪਬਲਿਸ਼ਿੰਗ ਹਾਊਸ ਕੋਲ ਕੋਸ਼ਿਸ਼ ਕਰਾਂ । ਜੇਨ ਐਡਮਜ਼ ਨੇ ਮੇਰੀ ਪਹਿਚਾਣ ਲਈ ਇਕ ਪੱਤਰ ਦਿੱਤਾ ਅਤੇ ਮੈਨੂੰ ਨੌਕਰੀ ਮਿਲ ਗਈ । ਮੈਨੂੰ ਇਹ ਨੌਕਰੀ ਬਹੁਤ ਚੰਗੀ ਲੱਗੀ, ਕਿਉਂ ਜੋ ਇੱਥੋਂ ਪਤਾ ਲੱਗਦਾ ਸੀ ਕਿ ਲੋਕ ਕੀ ਪਸੰਦ ਕਰਦੇ ਹਨ ਅਤੇ ਕਿਹੋ ਜਿਹੀਆਂ ਕਿਤਾਬਾਂ ਛਪਦੀਆਂ ਹਨ । ਇਕ ਦਿਨ ਜੇਨ ਐਡਮਜ਼ ਨੇ ਮੈਨੂੰ ਕਿਹਾ ਕਿ ਮੈਂ ਇਕ ਸਮਾਜਿਕ ਅਤੇ ਸਾਹਿਤਕ ਕਲੱਬ ਸਥਾਪਿਤ ਕਰਾਂ । ਇਸ ਕਲੱਬ ਦੇ 30 ਲੋਕ ਮੈਂਬਰ ਬਣ ਗਏ । ਹਫ਼ਤੇ ਵਿੱਚ ਇਕ ਦਿਨ ਮੀਟਿੰਗ ਹੁੰਦੀ ਸੀ । ਇਸ ਵਿੱਚ ਕਦੀ ਨਾਚ, ਕਦੀ ਸਾਹਿਤਕ ਕਾਰਵਾਈਆਂ ਅਤੇ ਕਦੀ ਭਾਸ਼ਣ ਕੀਤੇ ਜਾਂਦੇ । ਕਈ ਤਰ੍ਹਾਂ ਦੇ ਵਿਸ਼ਿਆਂ ’ਤੇ ਪੇਪਰ ਪੜ੍ਹੇ ਜਾਂਦੇ; ਜਿਵੇਂ ਕੂੜਾ ਇਕੱਠਾ ਕਰਨਾ, ਵਪਾਰ ਕਮਿਸ਼ਨ, ਸਾਫ਼ ਸੜਕਾਂ ਆਦਿ । ਇਸ ਦਾ ਨਾਂ ਅਰੀਏਂਡੇ ਕਲੱਬ ਰੱਖ ਦਿੱਤਾ

ਗਿਆ। ਕੁਝ ਵਿਸ਼ੇ ਜਿਵੇਂ ਤਲਵਾਰ ਤਾਕਤਵਰ ਹੈ ਜਾਂ ਪੈੱਨ, ਕੀ ਔਰਤਾਂ ਨੂੰ ਵੋਟ ਦਾ ਹੱਕ ਚਾਹੀਦਾ ਹੈ ਆਦਿ ’ਤੇ ਭਾਸ਼ਣ ਕਰਵਾਏ ਜਾਂਦੇ ਸਨ। ਇਕ ਹੋਰ ਕੰਮ ਸੀ ਕਿਤਾਬਾਂ ਦੀ ਸਮੀਖਿਆ ਲਿਖਣੀ। ਕੁਝ ਸਮੀਖਿਆ ਦੀਆਂ ਪੁਸਤਕਾਂ ਡੇਵਿਡ ਕਾਪਰਫੀਲਡ, ਇਵਾਨ ਹੋਏ, ਪਿਕਨਿਕ ਪੇਪਰਜ ਆਦਿ ਲੇਖਕਾਂ ਦੀਆਂ ਸਨ। ਇਸ ਸਮੇਂ ਹੀ ਮੈਂ ਅੰਕਲ ਟੋਮਜ ਕੈਬਿਨ ਨੂੰ ਪੜ੍ਹਿਆ ਅਤੇ ਗ਼ੁਲਾਮਾਂ ਦੀ ਤਰਸਯੋਗ ਜ਼ਿੰਦਗੀ ਬਾਰੇ ਪਤਾ ਲੱਗਾ ਕਿ ਕਿਵੇਂ ਗ਼ੁਲਾਮਾਂ ਨੂੰ ਬੋਲੀ ਲਾ ਕੇ ਵੇਚਿਆ ਜਾਂਦਾ ਸੀ। ਬਾਪ ਨੂੰ ਬੱਚਿਆਂ ਤੋਂ ਵੱਖ ਕੀਤਾ ਜਾਂਦਾ ਸੀ ਅਤੇ ਪਿਤਾ ਨੂੰ ਬੱਚਿਆਂ ਦੇ ਸਾਹਮਣੇ ਵੇਚਿਆ ਜਾਂਦਾ ਸੀ ਅਤੇ ਉਹ ਪਿਤਾ ਦੁਬਾਰਾ ਬੱਚਿਆਂ ਨੂੰ ਨਹੀਂ ਸੀ ਮਿਲ ਸਕਦਾ। ਜਦੋਂ ਮੈਨੂੰ ਸਮੀਖਿਆ ਲਿਖਣ ਲਈ ਕਿਹਾ ਗਿਆ ਤਾਂ ਮੈਂ ਅੰਕਲ ਟੋਮਜ ਕੈਬਿਨ ਨੂੰ ਚੁਣਿਆ।

ਇਸ ਸਮੀਖਿਆ ’ਤੇ ਸਾਰੀ ਸ਼ਾਮ ਚਰਚਾ ਚੱਲਦੀ ਰਹੀ ਅਤੇ ਸ਼ਾਮ ਨੂੰ ਵੀ ਖ਼ਤਮ ਨਾ ਹੋਈ ਅਤੇ ਮੈਂਬਰ ਅਗਲੇ ਦਿਨ ਸ਼ਾਮ ਨੂੰ ਫਿਰ ਚਰਚਾ ਕਰਨ ਲਈ ਮੰਨ ਗਏ, ਭਾਵੇਂ ਕਿ ਅਗਲੇ ਦਿਨ ਸ਼ਾਮ ਨਾਚ ਲਈ ਰਾਖਵਾਂ ਸੀ।

ਸਾਡੇ ਮੈਂਬਰਾਂ ਵਿੱਚੋਂ ਬਹੁਤਿਆਂ ਨੇ ਨੀਗਰੋ ਨੂੰ ਵੇਖਿਆ ਵੀ ਨਹੀਂ ਸੀ। ਉਹਨਾਂ ਬਾਰੇ ਜਾਣਦੇ ਵੀ ਨਹੀਂ ਸਨ। ਇਹ ਵੀ ਦੱਸਿਆ ਗਿਆ ਕਿ ਜ਼ਿਆਦਾ ਨੀਗਰੋ ਲੰਮਾ ਸਮਾਂ ਅਮਰੀਕਾ ਵਿੱਚ ਰਹੇ। ਮੈਂ ਸਮਝਦੀ ਸਾਂ ਕਿ ਜਾਤੀ ਭਿੰਨ ਭੇਦ ਸਿਰਫ਼ ਪੋਲੈਂਡ, ਜਰਮਨੀ ਅਤੇ ਰੂਸ ਵਿੱਚ ਹੀ ਸੀ, ਪਰ ਮੈਨੂੰ ਇਸ ਗੱਲ ਤੋਂ ਨਜਾਤ ਮਿਲ ਗਈ ਕਿਉਂ ਜੋ ਉਹ ਹਰ ਜਗ੍ਹਾ ’ਤੇ ਹੀ ਸੀ। ਇਸ ਸੰਬੰਧੀ ਮੈਨੂੰ ਵੱਡੀ ਜਾਣਕਾਰੀ ਮਿਲੀ। ਉਸ ਕਲੱਬ ਵਿੱਚ ਸੰਗੀਤ ਅਤੇ ਡਰਾਮਾ ਕਲੱਬ ਵੀ ਸੀ। ਇਕ ਡਰਾਮੇ ਵਿੱਚ ਮੈਂ ਵੀ ਭੂਮਿਕਾ ਨਿਭਾਈ।

## ਜੇਨ ਐਡਮਜ਼

ਮੈਂ ਤਿੰਨ ਸਾਲ ਪਬਲਿਸ਼ਿੰਗ ਕੰਪਨੀ ਵਿੱਚ ਕੰਮ ਕੀਤਾ। ਮੈਂ ਸ਼ਾਮ ਦੀਆਂ ਜਮਾਤਾਂ ਨੂੰ ਪੜ੍ਹਾਉਂਦੀ ਸਾਂ। ਸ਼ਨਿੱਚਰਵਾਰ ਮੈਂ ਕੰਮ ਨਹੀਂ ਸਾਂ ਕਰਦੀ। ਉਸ ਦਿਨ ਮੈਂ ਹੱਲ ਹਾਊਸ ਲਈ ਤਾਲਮੇਲ ਦਾ ਕੰਮ ਕਰਦੀ ਸਾਂ, ਜਿਸ ਵਿੱਚ ਹੱਲ ਹਾਊਸ ਵਿੱਚ ਆਉਣ ਵਾਲੇ ਯਾਤਰੀ ਮੈਨੂੰ ਇਹ ਸੁਆਲ ਬਹੁਤ ਜ਼ਿਆਦਾ ਕਰਦੇ ਸਨ ਕਿ ਜੇਨ ਐਡਮਜ਼ ਪੈਦਾ ਕਿੱਥੇ ਹੋਈ, ਕਿੰਨੀ ਉਮਰ ਦੀ ਹੈ ਅਤੇ ਇਸ ਨੇ ਹੱਲ ਹਾਊਸ ਕਿਉਂ ਖੋਲ੍ਹਿਆ।

ਹੁਣ ਮੈਂ 50 ਸਾਲਾਂ ਬਾਅਦ ਉਹਨਾਂ ਸੁਆਲਾਂ ਦਾ ਜੁਆਬ ਦੇ ਸਕਦੀ ਹਾਂ, ਕਿਉਂ ਜੋ ਉਸ ਨੇ ਆਪਣੀ ਜੀਵਨੀ ਦੋ ਕਿਸ਼ਤਾਂ ਵਿੱਚ ਲਿਖੀ ਹੈ। ਇਕ ਹੈ ਹੱਲ ਹਾਊਸ ਵਿੱਚ 20 ਸਾਲ ਅਤੇ ਦੂਸਰੀ ਹੈ ਹੱਲ ਹਾਊਸ ਵਿੱਚ ਦੂਸਰੇ **20**

ਸਾਲ ਜਿਸ ਵਿੱਚ ਉਸ ਨੇ ਜ਼ਿਆਦਾ ਜਗ੍ਹਾ, "ਹੱਲ ਹਾਊਸ" ਨੂੰ ਦਿੱਤੀ ਹੈ। ਉਸ ਦੇ ਭਤੀਜੇ ਜੇਮਜ ਵੈਬਰ ਨੇ ਉਸ ਦੀ ਜੀਵਨੀ ਵਿੱਚ ਬਹੁਤ ਕੁਝ ਲਿਖਿਆ ਹੈ।

**ਜੇਨ ਐਡਮਜ਼, ਸੈਡਰਵਿਲਾ (ਇਲੀਨੋਸ) ਵਿੱਚ 6 ਸਤੰਬਰ 1860 ਨੂੰ ਪੈਦਾ ਹੋਈ।** ਇਹ ਉਹ ਸਾਲ ਸੀ ਜਿਸ ਸਾਲ ਅਬਰਾਹਿਮ ਲਿੰਕਨ ਅਮਰੀਕਾ ਦਾ ਪ੍ਰਧਾਨ ਚੁਣਿਆ ਗਿਆ ਸੀ। ਅਬਰਾਹਿਮ ਲਿੰਕਨ ਜੇਨ ਐਡਮਜ਼ ਦੇ ਪਿਤਾ ਜੀ ਦਾ ਮਿੱਤਰ ਸੀ। ਉਹ ਸਾਧਾਰਨ ਘਰ ਵਿੱਚ



ਇਬਰਾਹਿਮ ਲਿੰਕਨ ਅਤੇ ਜੇਨ ਐਡਮਜ਼ ਦੇ ਪਿਤਾ ਜੀ ਜੋਨ ਐਚ. ਐਡਮਜ਼

ਪੈਦਾ ਹੋਇਆ ਸੀ, ਪਹਿਲਾਂ ਉਸਨੇ ਲੱਕੜਾਂ ਵੀ ਪਾੜੀਆਂ ਅਤੇ ਮਜ਼ਦੂਰੀ ਵੀ ਕੀਤੀ; ਪਰ ਉਸਨੂੰ ਗਿਆਨ ਦੀ ਪੂਰੀ ਭੁੱਖ ਸੀ। ਉਸਨੇ ਵਕਾਲਤ ਦੀ ਪੜ੍ਹਾਈ ਕੀਤੀ। ਵਕੀਲ ਹੁੰਦਿਆਂ ਹੋਇਆਂ ਵੀ ਉਸਨੇ ਈਮਾਨਦਾਰੀ ਨਾਲ ਕੰਮ ਕੀਤਾ। ਉਸਦਾ ਛੋਟਾ ਨਾਮ ਈਮਾਨਦਾਰ ਏਬ (**Honest Abe**) ਪੈ ਗਿਆ। ਜੇ ਗਵਾਂਢੀਆਂ ਵਿੱਚ ਲੜਾਈ ਹੋ ਜਾਂਦੀ ਤਾਂ ਉਹਨਾਂ ਨੂੰ ਕਚਹਿਰੀਆਂ ਵਿੱਚ ਜਾਣ ਨਾਲੋਂ ਆਪਸ ਵਿੱਚ ਗੱਲਬਾਤ ਕਰਕੇ ਝਗੜੇ ਨਿਪਟਾਉਣ ਦੀ ਸਲਾਹ ਦਿੰਦਾ। ਉਸਦੀ ਤੀਖਣ-ਬੁੱਧੀ ਅਤੇ ਚੰਗਾ ਬੁਲਾਰਾ ਹੋਣ ਕਰਕੇ ਉਹ 1847 ਵਿੱਚ ਹਾਊਸ ਆਫ ਰਿਪਰਜੈਂਟੇਟਿਵ 2 ਸਾਲ ਲਈ ਚੁਣਿਆ ਗਿਆ।

1850 ਵਿੱਚ ਗ਼ੁਲਾਮੀ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲ ਉੱਠੀ ਜਿਹੜੀ ਕੌਮ ਨੂੰ ਵੰਡ ਸਕਦੀ ਸੀ। ਅਬਰਾਹਿਮ ਗ਼ੁਲਾਮੀ ਨੂੰ ਨਫ਼ਰਤ ਕਰਦਾ ਸੀ ਅਤੇ ਰਾਜਨੀਤਕ ਪੱਖੋਂ ਗ਼ੁਲਾਮੀ ਨੂੰ ਦੂਰ ਕਰਨਾ ਚਾਹੁੰਦਾ ਸੀ। ਉਸਨੇ ਬਹੁਤ ਪ੍ਰਭਾਵਸ਼ਾਲੀ ਲੈਕਚਰ ਦਿੱਤੇ ਅਤੇ ਦੱਸਿਆ ਕਿ ਅਮਰੀਕਾ ਨੂੰ ਬਣਾਉਣ ਵਾਲੇ (**Founding Father**) ਵੀ ਅਜ਼ਾਦੀ ਦੇ ਹੱਕ ਵਿੱਚ ਸਨ। ਲਿੰਕਨ ਵਿੱਚ ਅਥਾਹ ਹਮਦਰਦੀ ਸੀ

**ਉਹ ਇਸ ਸੱਚਾਈ ਨੂੰ ਮੰਨਦਾ ਸੀ ਕਿ ਰੱਬ ਨੇ ਸਾਰੇ ਇਨਸਾਨ**

**ਬਰਾਬਰ ਬਣਾਏ ਹਨ ।** ਅਮਰੀਕਾ ਵੀ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਅੱਧੇ ਲੋਕ ਆਜ਼ਾਦ ਸਨ ਅਤੇ ਅੱਧੇ ਗ਼ੁਲਾਮ । ਹੌਲੀ-ਹੌਲੀ ਲੋਕਾਂ ਨੇ ਉਸਦਾ ਪ੍ਰਭਾਵ ਕਬੂਲਿਆ ਅਤੇ ਅਬਰਾਹਿਮ ਅਮਰੀਕਾ ਦਾ ਪ੍ਰਧਾਨ ਬਣ ਗਿਆ । ਅਬਰਾਹਿਮ ਲਿੰਕਨ ਜਦੋਂ ਅਮਰੀਕਾ ਦਾ ਪ੍ਰਧਾਨ ਬਣਿਆ ਉਸਨੇ ਪਹਿਲੀ ਵਾਰ ਲੋਕਾਂ ਨਾਲ ਰੂਬਰੂ ਹੋਣਾ ਸੀ । ਕੁਝ ਹੰਕਾਰੀ ਲੋਕ ਈਰਖਾ ਕਰਦੇ ਸਨ, ਕਿਉਂਕਿ ਅਬਰਾਹਿਮ ਲਿੰਕਨ ਦੇ ਪਿਤਾ ਜੀ ਬੂਟ ਬਣਾਉਣ ਦਾ ਕੰਮ ਕਰਦੇ ਸਨ । ਉਹਦੇ ਲੈਕਚਰ ਵਿੱਚ ਇਕ ਆਦਮੀ ਜੋ ਈਰਖਾਲੂ ਸੀ, ਨੇ ਉੱਠ ਕੇ ਕਿਹਾ, **“ਮਿਸਟਰ ਲਿੰਕਨ ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਤੁਹਾਡੇ ਪਿਤਾ ਜੀ ਸਾਡੇ ਪਰਿਵਾਰ ਲਈ ਬੂਟ ਬਣਾਉਂਦੇ ਹਨ ।” ਸਾਰੇ ਸੈਨੇਟ ਦੇ ਲੋਕ ਹੱਸਣ ਲੱਗ ਪਏ । ਉਹ ਖ਼ੁਸ਼ ਸਨ ਕਿ ਉਹਨਾਂ ਨੇ ਅਬਰਾਹਿਮ ਲਿੰਕਨ ਦਾ ਮਜ਼ਾਕ ਉਡਾਇਆ ਹੈ । ਪਰ ਅਬਰਾਹਿਮ ਲਿੰਕਨ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੀ । ਲਿੰਕਨ ਨੇ ਉਸ ਆਦਮੀ ਨੂੰ ਗੌਰ ਨਾਲ ਵੇਖਿਆ ਅਤੇ ਕਿਹਾ, “ਜਨਾਬ ਮੈਨੂੰ ਪਤਾ ਹੈ ਕਿ ਮੇਰੇ ਪਿਤਾ ਜੀ ਤੁਹਾਡੇ ਘਰ ਵਿੱਚ ਤੁਹਾਡੇ ਪਰਿਵਾਰ ਦੇ ਅਤੇ ਏਥੇ ਹਾਜ਼ਰ ਹੋਰਨਾਂ ਦੇ ਵੀ ਬੂਟ ਬਣਾਉਂਦੇ ਰਹੇ ਹਨ; ਪਰ ਜਿਹੜੇ ਤਰੀਕੇ ਦੇ ਉਹ ਬੂਟ ਬਣਾਉਂਦੇ ਸਨ ਹੋਰ ਕੋਈ ਨਹੀਂ ਬਣਾ ਸਕਦਾ, ਉਹ ਰਚਨਾਤਮਿਕ ਸਨ । ਉਹ ਆਪਣੀ ਰੂਹ ਨਾਲ ਬੂਟ ਬਣਾਉਂਦੇ ਸਨ । ਮੈਨੂੰ ਵੀ ਬੂਟ ਬਣਾਉਣੇ ਆਉਂਦੇ ਹਨ ਜੇ ਤੁਹਾਨੂੰ ਕੋਈ ਸ਼ਿਕਾਇਤ ਹੈ ਤਾਂ ਦੱਸੋ ਮੈਂ ਬੂਟਾਂ ਦਾ ਦੂਜਾ ਜੋੜਾ ਬਣਾ ਦਿਆਂਗਾ । ਉਹ ਬਹੁਤ ਅਕਲ ਵਾਲੇ ਅਤੇ ਰਚਨਾਤਮਿਕ ਸਨ । ਮੈਨੂੰ ਉਹਨਾਂ ’ਤੇ ਮਾਣ ਹੈ ।”** ਸਾਰਾ ਸੈਨੇਟ ਇਹ ਸੁਣ ਕੇ ਸੁੰਨ ਹੋ ਗਿਆ। ਅਬਰਾਹਿਮ ਲਿੰਕਨ ਕਿਹੋ ਜਿਹਾ ਇਨਸਾਨ ਹੈ, ਉਹ ਸਮਝ ਨਹੀਂ ਸਨ ਸਕਦੇ । ਉਸਨੇ ਸਾਬਤ ਕਰ ਦਿੱਤਾ ਕਿ ਬੂਟ ਬਣਾਉਣਾ ਵੀ ਕਲਾ ਹੈ । ਉਹਦੇ ਪਿਤਾ ਜੀ ਦੇ ਬਣਾਏ ਬੂਟਾਂ ਵਿੱਚੋਂ ਅਜੇ ਤਕ ਕੋਈ ਨੁਕਸ ਨਹੀਂ ਕੱਢ ਸਕਿਆ । ਹੁਣ ਉਹ ਆਦਮੀ ਬੇਵਕੂਫ਼ ਨਜ਼ਰ ਆ ਰਿਹਾ ਸੀ । ਲਿੰਕਨ ਨੇ ਕਿਹਾ, “ਹੁਣ ਬੋਲੋ, ਹੁਣ ਕਿਉਂ ਗੂੰਗੇ ਬਣ ਗਏ ਹੋ, ਤੁਸੀਂ ਮੈਨੂੰ ਬੇਵਕੂਫ਼ ਬਣਾਉਣਾ ਚਾਹੁੰਦੇ ਸੀ, ਹੁਣ ਆਲੇ-ਦੁਆਲੇ ਦੇਖੋ, ਤੁਸੀਂ ਆਪ ਬੇਵਕੂਫ਼ ਬਣ ਗਏ ਹੋ । ਅਬਰਾਹਿਮ ਲਿੰਕਨ ਜੇਨ ਐਡਮਜ਼ ਦੇ ਪਿਤਾ ਦੇ ਦੋਸਤ ਸਨ । ਸੋ, ਜੇਨ ਐਡਮਜ਼ ਉੱਤੇ ਇਹਨਾਂ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਭਾਵ ਪੈਣਾ ਹੀ ਸੀ ।

ਅਮਰੀਕਾ ਦੇ ਲੋਕਾਂ ਨੂੰ ਅਜੇ ਤਕ ਵੀ ਇਸ ਗੱਲ ਦਾ ਪਤਾ ਨਹੀਂ ਸੀ ਕਿ ਜੇਨ ਐਡਮਜ਼ ਨੇ ਕਿਵੇਂ ਅਮਰੀਕੀ ਲੋਕਾਂ ਦੀ ਆਤਮਾ ਜਗਾਈ । ਇਸ ਪੁਸਤਕ ਵਿੱਚ ਉਸ ਨੇ ਦੱਸਿਆ ਕਿ ਅਮਰੀਕਾ ਵਿੱਚ ਆਏ ਪ੍ਰਵਾਸੀ, ਅਮਰੀਕਾ ਦੇ ਲੋਕਾਂ ਲਈ ਕੱਪੜੇ ਸਿਊਂਦੇ, ਬੁਣਦੇ, ਖਾਣਾ ਤਿਆਰ ਕਰਦੇ,

ਇੱਟਾਂ ਬਣਾਉਂਦੇ, ਕੋਲਾ, ਫੌਲਾਦ, ਲੋਹਾ ਕੱਢਦੇ ਅਤੇ ਅਮਰੀਕਾ ਦਾ ਕੋਈ ਵੀ ਖੇਤਰ ਨਹੀਂ ਜਿੱਥੇ ਉਹ ਸੇਵਾ ਪ੍ਰਦਾਨ ਨਾ ਕਰਦੇ ਹੋਣ। ਇਹ ਪ੍ਰਵਾਸੀ ਉਹ ਲੋਕ ਸਨ ਜੋ ਜ਼ੁਲਮ ਤੋਂ ਡਰਦੇ ਆਪਣੇ ਮੁਲਕ ਨੂੰ ਛੱਡ ਆਏ ਸਨ ਅਤੇ ਇੱਥੇ ਆ ਕੇ ਉਹ ਘੱਟ ਤਨਖ਼ਾਹਾਂ 'ਤੇ ਕੰਮ ਕਰਦੇ ਰਹੇ।



ਜੇਨ ਐਡਮਜ਼ ਅਤੇ ਈਲਨ ਜੀ ਸਟਾਰ

ਜਦੋਂ ਜੇਨ ਐਡਮਜ਼ (**ELLEN G STAR**) ਈਲਨ ਜੀ ਸਟਾਰ ਨਾਲ ਲੰਡਨ ਗਈ ਸੀ ਤਾਂ ਉਸ ਨੇ ਉੱਥੇ 'ਟੌਨਬੀ ਹਾਲ' ਵੇਖਿਆ ਸੀ ਅਤੇ ਉਸ ਨੂੰ ਇਹ ਖ਼ਿਆਲ ਉੱਥੋਂ ਆਇਆ ਸੀ ਤਾਂ ਉਸ ਨੇ ਸ਼ਿਕਾਗੋ ਵਿੱਚ ਆ ਕੇ ਹੱਲ ਹਾਊਸ ਖੋਲ੍ਹਿਆ। ਹੱਲ ਹਾਊਸ ਜੇਨ ਐਡਮਜ਼ ਅਤੇ ਮਿਸ ਸਟਾਰ ਨੇ 1880 ਵਿੱਚ ਲੀਜ 'ਤੇ ਲਿਆ ਜਿਹੜਾ ਚਾਰਲਸ ਹੱਲ (**Charles Hull**) ਦਾ ਬਣਾਇਆ ਹੋਇਆ ਸੀ। ਹੱਲ ਹਾਊਸ ਵਿੱਚ ਜਿਮਨੇਜੀਅਮ, ਲਾਇਬਰੇਰੀ, ਥਿਏਟਰ, ਸੰਗੀਤ ਹਾਲ, ਗਵਾਂਢੀਆਂ ਦਾ ਘਰ ਅਤੇ ਕੀ ਕੀ ਨਹੀਂ ਸੀ? ਇਹ ਉਹ ਜਗ੍ਹਾ ਸੀ ਜਿੱਥੇ ਲੋਕ ਦਿਨ ਦੇ ਥਕੇਵੇਂ ਤੋਂ ਬਾਅਦ ਆ ਕੇ ਆਨੰਦ ਮਾਣਦੇ ਸਨ।



ਜੇਨ ਐਡਮਜ਼ ਬਚਪਨ ਸਮੇਂ

ਲੋਕ ਕਹਿੰਦੇ ਸਨ ਕਿ ਜੇਨ ਐਡਮਜ਼ ਦੇ ਮੂੰਹ 'ਤੇ ਕਦੀ ਉਦਾਸੀ ਆਈ ਹੀ ਨਹੀਂ ਸੀ, ਪਰ ਹੱਲ ਹਾਊਸ ਉਸ ਦੇ ਦੁਖਾਂਤ ਵਿੱਚੋਂ ਨਿਕਲਿਆ ਸੀ।

ਜੇਨ ਐਡਮਜ਼ ਦੋ ਸਾਲ ਦੀ ਸੀ ਜਦੋਂ ਉਸਦੀ ਮਾਂ ਦੀ ਮੌਤ ਹੋ ਗਈ ਅਤੇ 6 ਸਾਲ ਤਕ ਉਸ ਨੂੰ ਉਸ ਦੀ ਭੈਣ ਦਾ ਪਿਆਰ ਮਿਲਿਆ ਜੋ 17 ਸਾਲ ਦੀ ਸੀ।

ਫਿਰ ਉਸ ਦੇ ਪਿਤਾ ਨੇ ਇਕ ਵਿਧਵਾ ਨਾਲ ਵਿਆਹ ਕਰ ਲਿਆ ਜਦੋਂ ਉਹ 8 ਸਾਲ ਦੀ ਸੀ । ਉਸ ਵਿਧਵਾ ਦੇ ਦੋ ਲੜਕੇ ਸਨ—ਹੈਨਰੀ ਅਤੇ ਜਾਰਜ, ਜਿਨ੍ਹਾਂ ਵਿੱਚੋਂ ਜਾਰਜ ਉਸ ਤੋਂ ਛੇ ਮਹੀਨੇ ਛੋਟਾ ਸੀ । ਉਸ ਦੇ ਮਤਰਏ ਭਰਾ ਜਾਰਜ ਨਾਲ ਬਹੁਤ ਚੰਗੇ ਸੰਬੰਧ ਸਨ । ਉਹ ਦਿਨ ਭਰ ਇਕੱਠੇ ਖੇਡਦੇ ਰਹਿੰਦੇ ਅਤੇ ਉਹਨਾਂ ਵਿੱਚ ਬਹੁਤ ਪਿਆਰ ਸੀ । ਮਿਸ ਜੇਨ ਐਡਮਜ਼ ਵੀ ਉਸ ਨੂੰ ਪਿਆਰ ਕਰਦੀ ਸੀ, ਪਰ ਉਹ ਸ਼ਾਦੀ ਨਹੀਂ ਸੀ ਕਰਨਾ ਚਾਹੁੰਦੀ ਅਤੇ ਉਹ ਜ਼ਿਆਦਾ ਆਪਣੇ ਜੀਵਨ ਵਿੱਚ ਤਰੱਕੀ ਬਾਰੇ ਧਿਆਨ ਰੱਖਦੀ ਸੀ । ਜਾਰਜ ਆਪਣੀ ਪੋਸਟ ਗਰੇਜੂਏਟ ਦੀ ਪੜ੍ਹਾਈ ਕਰ ਰਿਹਾ ਸੀ । ਉਹ ਬਿਮਾਰ ਹੋ ਗਿਆ ਅਤੇ 48 ਸਾਲਾਂ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ । ਮਗਰਲੇ ਸਮੇਂ ਵਿੱਚ ਉਹ ਬਿਮਾਰ ਅਤੇ ਇਕਾਂਤ ਦੀ ਹਾਲਤ ਵਿੱਚ ਪਿਆ ਰਿਹਾ ।

ਉਸ ਦੀ ਮਤਰੇਈ ਮਾਂ, ਉਸ ਦੁਖਾਂਤ ਨੂੰ ਜੇਨ ਐਡਮਜ਼ ਦੇ ਜ਼ਿੰਮੇ ਲਾਉਂਦੀ ਸੀ । ਜੇਨ ਐਡਮਜ਼ ਆਪਣੇ ਪਿਤਾ ਨੂੰ ਬਹੁਤ ਪਿਆਰ ਕਰਦੀ ਸੀ । ਉਸਦੀ ਮੌਤ ਤੋਂ ਬਾਅਦ ਉਹ ਨਿਰਾਸ਼ਾ ਵਿੱਚ ਚਲੀ ਗਈ ਸੀ । ਉਸ ਵਿੱਚ ਜਮਾਂਦਰੂ ਰੀੜ੍ਹ ਦੀ ਹੱਡੀ ਦਾ ਵੀ ਨੁਕਸ ਸੀ, ਜਿਸ ਕਰਕੇ ਉਹ ਬਹੁਤ ਫੁਰਤੀਲੀ ਨਹੀਂ ਸੀ ਹੋ ਸਕਦੀ; ਪਰ ਬਾਅਦ ਵਿੱਚ ਓਪਰੇਸ਼ਨ ਨਾਲ ਉਹ ਨੁਕਸ ਵੀ ਠੀਕ ਹੋ ਗਿਆ ਸੀ । ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਇਕ ਤਿਹਾਈ ਹਿੱਸਾ ਉਸ ਦੀ ਮਤਰੇਈ ਮਾਂ ਨੂੰ ਮਿਲਿਆ ਅਤੇ ਬਾਕੀ ਦਾ ਦੋ ਤਿਹਾਈ ਉਹਨਾਂ 4 ਬੱਚਿਆਂ ਵਿੱਚ ਵੰਡਿਆ ਗਿਆ । ਜੇਨ ਐਡਮਜ਼ ਨੂੰ ਜੋ ਵੀ ਮਿਲਿਆ ਉਸ ਨੇ ਹੱਲ ਹਾਊਸ ਵਿੱਚ ਲਾ ਦਿੱਤਾ । ਉਹ ਮਹਿਸੂਸ ਕਰਦੀ ਸੀ ਕਿ ਜੇ ਉਸ ਦੇ ਪਿਤਾ ਜ਼ਿੰਦਾ ਰਹਿੰਦੇ ਤਾਂ ਉਹਨਾਂ ਨੇ ਉਸ ਦੀ ਹੱਲ ਹਾਊਸ ਵਿੱਚ ਬਹੁਤ ਮਦਦ ਕਰਨੀ ਸੀ । ਹੱਲ ਹਾਊਸ ਵਿੱਚ ਸਵੈ-ਇੱਛਕ ਤੌਰ ’ਤੇ ਕੰਮ ਕਰਕੇ ਲੋਕ ਮਾਣ ਮਹਿਸੂਸ ਕਰਦੇ ਸਨ । ਉਸ ਨੂੰ ਪੈਸਾ ਦਾਨ ਕਰਨ ਵਿੱਚ ਮਾਣ ਮਹਿਸੂਸ ਕਰਦੇ ਸਨ । ਉਸ ਹੱਲ ਹਾਊਸ ਵਿੱਚ ਰਹਿਣ ਵਾਲੇ ਲੋਕ ਬਹੁਤ ਉੱਚੇ ਇਰਾਦੇ ਦੇ ਲੋਕ ਸਨ । ਪਰ ਬੀਬੀ ਜੇਨ ਐਡਮਜ਼ ਨੇ ਪੈਸਾ ਲੈਣ ਲਈ ਕਦੀ ਵੀ ਕੋਈ ਸਮਝੌਤਾ ਨਹੀਂ ਸੀ ਕੀਤਾ, ਇਸ ਦੀਆਂ ਦੋ ਉਦਾਹਰਣਾਂ ਮੇਰੇ ਕੋਲ ਹਨ ।

ਜਦੋਂ ਜਾਨ ਪੀਟਰ ਆਲਟ ਗੋਲਡ ਮਰਿਆ ਤਾਂ ਉਸ ਨੂੰ ਉਸ ਵਕਤ ਬਹੁਤ ਨਫ਼ਰਤ ਕੀਤੀ ਜਾਂਦੀ ਸੀ, ਕਿਉਂ ਜੋ ਉਸ ਨੇ ਬਾਗ਼ੀ ਨੂੰ ਮੁਆਫ਼ ਕੀਤਾ ਸੀ । ਉਸ ਦੇ ਜਨਾਜ਼ੇ ਅਤੇ ਉਸ ਦੀਆਂ ਧਾਰਮਿਕ ਰਸਮਾਂ ਲਈ ਕੋਈ ਵੀ ਨਹੀਂ ਸੀ ਗਿਆ ਅਤੇ ਜੇਨ ਐਡਮਜ਼ ਨੂੰ ਵੀ ਕਿਹਾ ਗਿਆ ਸੀ ਕਿ ਉਹ ਵੀ

ਨਾ ਜਾਵੇ, ਕਿਉਂ ਜੋ ਇਸ ਨਾਲ ਉਸ ਦੇ ਫੰਡ ਘਟ ਜਾਣਗੇ; ਪਰ ਉਹ ਜ਼ਰੂਰ ਗਈ, ਕਿਉਂ ਜੋ ਉਹ ਉੱਚੇ ਇਰਾਦੇ ਦੀ ਇਸਤ੍ਰੀ ਸੀ ।

ਮੈਨੂੰ ਇਕ ਹੋਰ ਘਟਨਾ ਯਾਦ ਹੈ ਕਿ ਇਕ ਅਮੀਰ ਪਰਿਵਾਰ ਨੇ ਬਹੁਤ ਜ਼ਿਆਦਾ ਦਾਨ ਦੇਣ ਦੀ ਪੇਸ਼ਕਸ਼ ਕੀਤੀ; ਪਰ ਤਾਂ, ਜੇ ਉਹਨਾਂ ਦੇ ਮੁਖੀ ਦੀ ਫੋਟੋ ਨੂੰ ਹੱਲ ਹਾਊਸ ਵਿੱਚ ਲਾਇਆ ਜਾਵੇ । ਮੈਂ ਦੇਖਿਆ ਕਈ ਸਾਲ ਉਹ ਫੋਟੋ ਹੱਲ ਹਾਊਸ ਦੇ ਫ਼ਰਸ਼ ’ਤੇ ਰਹੀ ਅਤੇ ਕਦੀ ਵੀ ਨਹੀਂ ਸੀ ਲਾਈ ਗਈ ।

ਜਦੋਂ ਮੈਂ ਆਖਰੀ ਵਾਰ ਹੱਲ ਹਾਊਸ ਗਈ ਮੈਂ ਮੇਰੀ ਰੋਜੇਂਟ ਸਮਿਥ ਦੀ ਫੋਟੋ ਹੱਲ ਹਾਊਸ ਵਿੱਚ ਲੱਗੀ ਵੇਖੀ । ਇਕ ਵਾਰ ਸ੍ਰੀਮਤੀ ਮੇਰੀ ਰੋਜੇਂਟ ਸਮਿਥ ਨੇ ਆਪਣੀ ਮਾਂ ਦੀ ਯਾਦ ਵਿੱਚ ਪਾਈਪ ਅੰਗ ਦਾ ਦਾਨ ਕਰਨ ਦੀ ਘੋਸ਼ਣਾ ਕੀਤੀ । ਮੇਰੀ ਰੋਜੇਂਟ ਸਮਿਥ ਜੇਨ ਐਡਮਜ਼ ਦੀ ਸਭ ਤੋਂ ਵੱਧ ਪਿਆਰ ਕਰਨ ਵਾਲੀ ਸਾਥਣ ਸੀ । ਦੋਵੇਂ ਸਹੇਲੀਆਂ ਉਦੋਂ ਮਿਲੀਆਂ ਜਦੋਂ ਸਮਿਥ ਹੱਲ ਹਾਊਸ ਵਿੱਚ ਜੈਨੀ ਡੋ **(Jeny Dow)** ਨਾਲ ਕਿੰਡਰ ਗਾਰਡਨ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਸੇਵਾ ਵਾਸਤੇ ਆਈ ਸੀ । ਸਮਿਥ ਇਕ ਹਫ਼ਤਾ ਹੱਲ ਹਾਊਸ ਵਿੱਚ ਰਹੀ । ਉਸਦਾ ਦਿਲ ਤਾਂ ਕਰਦਾ ਸੀ ਕਿ



**ਮੈਰੀ ਰੋਜੈਂਟ ਸਮਿਥ ਅਤੇ ਜੇਨ ਐਡਮਜ਼**

ਉਹ ਹੱਲ ਹਾਊਸ ਵਿੱਚ ਰਹੇ ਪਰ ਉਸਨੇ ਆਪਣੇ ਬਜ਼ੁਰਗ ਮਾਤਾ ਪਿਤਾ ਦੀ ਸੇਵਾ ਕਰਨ ਨੂੰ ਤਰਜੀਹ ਦਿੱਤੀ । ਸਮਿਥ ਨੂੰ ਜੋ ਵੀ ਪੈਸਾ ਪਰਿਵਾਰ ਵੱਲੋਂ ਮਿਲਿਆ, ਉਸ ਨੇ ਚੰਗੇ ਕੰਮਾਂ ’ਤੇ ਲਾ ਦਿੱਤਾ । ਸਮਿਥ ਨੇ ਭਾਵਨਾਤਮਿਕ ਤੌਰ ’ਤੇ ਮਿਸ ਐਡਮਜ਼ ਦਾ ਸਾਥ ਦਿੱਤਾ, ਉਹਨਾਂ ਦੀ ਦੋਸਤੀ ਹੋਰ ਗੂੜ੍ਹੀ ਹੋ ਗਈ । ਜੇਨ ਐਡਮਜ਼ ਨੇ ਲਿਖਿਆ ਕਿ ਤੂੰ ਇਹਨਾਂ ਹਫ਼ਤਿਆਂ ਵਿੱਚ ਮੈਨੂੰ

ਅਧਿਆਤਮਿਕ ਪਿਆਰ ਅਤੇ ਸਹਾਰਾ ਦਿੱਤਾ ਹੈ ਜਿਹੜਾ ਸਾਨੂੰ ਪਹਿਲਾਂ ਕਿਤੋਂ ਨਹੀਂ ਮਿਲਿਆ। ਇੰਞ ਲੱਗਦਾ ਸੀ ਕਿ ਦੋਵੇਂ ਇਕ ਦੂਜੇ ਤੋਂ ਵੱਖ ਨਹੀਂ ਰਹਿ ਸਕਦੇ ਸਨ। ਇਕੱਠੇ ਹੀ ਬਾਹਰਲੇ ਦੇਸ਼ਾਂ ਵਿੱਚ ਜਾਂਦੀਆਂ ਸਨ।

ਸਮਿਥ ਅਤੇ ਐਡਮਜ਼ ਵਰਗੇ ਹੋਰ ਵੀ ਲੋਕ ਸਨ ਜੋ ਪਿਆਰ ਨਾਲ ਰਹਿੰਦੇ ਸਨ। ਕਈ ਵਿਆਹ ਕਰਕੇ ਚਲੇ ਗਏ ਅਤੇ ਕਈ ਉੱਥੇ ਹੀ ਰਹੇ। ਹੱਲ ਹਾਊਸ ਵਿੱਚ ਬੇਮਿਸਾਲ ਘਰ ਵਰਗਾ ਮਾਹੌਲ ਸੀ। ਜਿਸ ਵਕਤ ਹੱਲ ਹਾਊਸ ਨੂੰ ਦਾਨ ਦੀ ਲੋੜ ਹੁੰਦੀ ਸੀ ਜੋ ਕਿਸੇ ਚਮਤਕਾਰ ਨਾਲ ਪੂਰੀ ਹੋ ਜਾਂਦੀ ਸੀ। ਔਰਤਾਂ ਦੀ ਕਲੱਬ, ਜੇਨ ਐਡਮਜ਼ ਦੇ ਹੱਲ ਹਾਊਸ ਨੂੰ ਖ਼ਾਸ ਦੇਣ ਸੀ। ਇਸ ਕਲੱਬ ਵਿੱਚ ਇੰਗਲੈਂਡ, ਆਇਰਲੈਂਡ, ਜਰਮਨੀ, ਰੂਸ, ਪੋਲੈਂਡ ਸਵੀਡਨ ਅਤੇ ਕਈ ਹੋਰ ਦੇਸ਼ਾਂ ਦੀਆਂ ਔਰਤਾਂ ਮੈਂਬਰ ਸਨ। ਉਹਨਾਂ ਵਿੱਚ ਬਹੁਤ ਅਮੀਰ, ਬਹੁਤ ਪੜ੍ਹੀਆਂ ਹੋਈਆਂ, ਗ਼ਰੀਬ ਅਤੇ ਅਨਪੜ੍ਹ ਵੀ ਸਨ। ਉਹ ਕਲੱਬ ਵੋਟ ਦੇ ਅਧਾਰ 'ਤੇ ਕੰਮ ਕਰਦੀ ਸੀ, ਜਿਸ ਵਿੱਚ ਹਰ ਇਕ ਨੂੰ ਬਰਾਬਰ ਦਾ ਅਧਿਕਾਰ ਸੀ। ਹੱਲ ਹਾਊਸ ਵਿੱਚ ਟਾਲਸਟਾਏ ਇਕ ਵੱਡੇ ਲਿਖਾਰੀ ਦੀ ਫੋਟੋ ਲੱਗੀ ਹੋਈ ਸੀ, ਜਿਸ ਦੀ ਫੋਟੋ, ਇਕ ਲਿਖਾਰੀ ਦੇ ਤੌਰ 'ਤੇ ਨਹੀਂ ਸਗੋਂ ਹਲ ਵਾਹੁੰਦੇ ਦੀ ਸੀ, ਜਿਸ ਵਿੱਚ ਕਿਰਤ ਦੇ ਸਤਿਕਾਰ ਨੂੰ ਵਿਖਾਇਆ ਗਿਆ ਸੀ।

ਜਿਉਂ-ਜਿਉਂ ਮਿਸ ਐਡਮਜ਼ ਦਾ ਅਮਰੀਕਾ ਵਿੱਚ ਮਾਣ-ਸਤਿਕਾਰ ਵਧਿਆ ਉਹਨੂੰ ਸ਼ਹਿਰੀਆਂ ਸੰਬੰਧਿਤ ਜ਼ਿੰਮੇਵਾਰੀਆਂ ਸੌਂਪੀਆਂ ਜਾਣ ਲੱਗੀਆਂ। ਸੰਨ **1905** ਵਿੱਚ ਜੇਨ ਐਡਮਜ਼ ਨੂੰ ਸ਼ਿਕਾਗੋ ਬੋਰਡ ਆਫ਼ ਐਜੂਕੇਸ਼ਨ ਦੀ ਚੇਅਰਮੈਨ ਬਣਾਇਆ ਗਿਆ। ਸੰਨ **1908** ਵਿੱਚ ਜੇਨ ਐਡਮਜ਼ ਨੂੰ ਸ਼ਿਕਾਗੋ ਦੀ ਸ਼ਹਿਰੀ ਅਤੇ ਉਪਕਾਰੀ **(Chicago School of Civics and Philanthropy)** ਦੀ ਪਹਿਲੀ ਔਰਤ ਵੱਲੋਂ ਹਿੱਸਾ ਲਿਆ। ਬਾਅਦ ਵਿੱਚ ਨੈਸ਼ਨਲ ਕਾਨਫਰੰਸ ਆਫ਼ ਚੈਰੀਟੀਜ਼ ਐਂਡ ਕੋਰੈਕਸ਼ਨਜ਼ ਦੀ ਪਹਿਲੀ ਪ੍ਰਧਾਨ ਬਣੀ। ਆਪ ਨੇ ਸ਼ਿਕਾਗੋ ਵਿੱਚ ਵੱਖਰੇ-ਵੱਖਰੇ ਕੰਮਾਂ ਵੱਲ ਵਿਸ਼ੇਸ਼ ਧਿਆਨ ਦਿੱਤਾ; ਜਿਵੇਂ ਕਿ ਨਸ਼ਿਆਂ ਵੱਲ, ਸਾਫ਼ ਸਫ਼ਾਈ ਵੱਲ, ਜਣੇਪੇ ਦੇ ਕੰਮਾਂ ਅਤੇ ਦੁੱਧ ਦੀ ਸਪਲਾਈ ਆਦਿ ਵਿੱਚ। ਸੰਨ **1910** ਵਿੱਚ ਯੇਲ ਯੂਨੀਵਰਸਿਟੀ ਵੱਲੋਂ ਆਨਰੇਰੀ ਡਿਗਰੀ ਨਾਲ ਸਨਮਾਨਿਆ ਗਿਆ।

ਥਿਏਟਰ 'ਤੇ ਲਿਖਿਆ ਹੋਇਆ ਸੀ **"ਆਪਣੀ ਭੂਮਿਕਾ ਚੰਗੀ ਨਿਭਾਉ ਇਸ ਵਿੱਚ ਇੱਜ਼ਤ ਹੈ"** ਜਦੋਂ ਮੈਂ ਜੇਨ ਐਡਮਜ਼ ਨੂੰ ਪਹਿਲੀ ਵਾਰ ਮਿਲੀ ਉਹ **36** ਸਾਲਾਂ ਦੀ ਸੀ। ਮੈਂ ਵੇਖਿਆ ਉਹ ਹਮੇਸ਼ਾਂ ਬਹੁਤ ਚੰਗੇ ਕੱਪੜੇ ਪਾਉਂਦੀ ਸੀ। ਉਸ ਦੇ ਮਰਨ ਤਕ ਮੈਂ ਵੇਖਿਆ ਕਿ ਉਹ ਆਪਣੇ

ਮਗਰ, ਆਪਣੇ ਵਾਲਾਂ ਦਾ ਜੂੜਾ ਕਰਦੀ ਸੀ, ਜਿਸ ਲਈ ਉਹ ਸਿਰਫ਼ 5 ਮਿੰਟ ਲਾਉਂਦੀ ਸੀ, ਕਿਉਂ ਜੋ ਉਸ ਕੋਲ ਸਮਾਂ ਨਹੀਂ ਸੀ ਹੁੰਦਾ। ਉਹ ਠੋਸ ਇਰਾਦੇ ਅਤੇ ਵਫ਼ਾਦਾਰੀ ਨਾਲ ਬੋਲਦੀ ਸੀ। ਉਹ ਬਹੁਤ ਤਾਕਤਵਰ ਬੁਲਾਰਾ ਨਹੀਂ ਸੀ; ਪਰ ਉਸਦੇ ਕੰਮਾਂ ਕਰਕੇ ਉਸ ਦੀ ਹਰ ਥਾਂ ਇੱਜ਼ਤ ਹੁੰਦੀ ਸੀ। ਇਕ ਦਿਨ ਬਹੁਤ ਤੂਫ਼ਾਨ ਆਇਆ, ਉਸ ਨੇ ਮੈਨੂੰ ਵੀ ਆਪਣੇ ਮੰਜੇ 'ਤੇ ਲਿਟਾ ਦਿੱਤਾ। ਉਹ ਨਹੀਂ ਸੀ ਚਾਹੁੰਦੀ ਕਿ ਮੈਂ ਘਰ ਜਾਵਾਂ। ਉਹ ਬੋਲਣ, ਧਰਮ ਅਤੇ ਪ੍ਰੈਸ ਦੀ ਅਜ਼ਾਦੀ ਦੀ ਵੱਡੀ ਅਤੇ ਪੱਕੀ ਹਮਾਇਤੀ ਸੀ। ਉਸ ਵੱਲੋਂ ਕਿਸੇ ਨੂੰ ਵੀ ਕੋਈ ਖ਼ਾਸ ਧਰਮ ਮੰਨਣ ਲਈ ਨਹੀਂ ਸੀ ਕਿਹਾ ਜਾਂਦਾ ਸਿਵਾਏ ਕ੍ਰਿਸਮਸ ਪਾਰਟੀ ਦੇ, ਉਸ ਦੇ ਧਾਰਮਿਕ ਵਿਚਾਰਾਂ ਵਿੱਚ ਕੋਈ ਪੱਕੀ ਰਸਮ ਨਹੀਂ ਸੀ।

ਇਕ ਵਾਰ ਏਮਾਂ ਗੋਲਡਮੈਨ ਨੇ ਮੀਟਿੰਗ ਅਯੋਜਿਤ ਕੀਤੀ; ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਬੋਲਣ ਵਾਲਾ ਬਾਗ਼ੀ ਵਿਚਾਰਾਂ ਵਾਲਾ ਹੈ ਤਾਂ ਮੀਟਿੰਗ ਕੈਂਸਲ ਕਰ ਦਿੱਤੀ ਗਈ। ਪਰ ਉਹ ਹੱਲ ਹਾਊਸ ਆਏ ਤੇ ਉਹਨਾਂ ਜੇਨ ਐਡਮਜ਼ ਨੂੰ ਕਿਹਾ ਕਿ ਜੇ ਕੋਈ ਕਮਰਾ ਖ਼ਾਲੀ ਹੈ ਤਾਂ ਉਹ ਮੀਟਿੰਗ ਕਰ ਸਕਦੇ ਹਨ ਅਤੇ ਕਮਰਾ ਦੇ ਦਿੱਤਾ ਗਿਆ। ਉਹ ਕਹਿਣ ਲੱਗੀ ਕਿ ਮੈਂ ਬਾਗੀਆਂ ਦੇ ਹੱਕ ਵਿੱਚ ਤਾਂ ਨਹੀਂ ਪਰ ਉਹਨਾਂ ਨੂੰ ਚੁੱਪ ਕਰਾਉਣ ਨਾਲ ਉਹ ਖ਼ਤਮ ਨਹੀਂ ਹੋ ਸਕਦੇ।

ਉਸ ਦਾ ਦੇਸ਼ ਵਾਸਤੇ ਪਿਆਰ ਬਹੁਤ ਡੂੰਘਾ ਸੀ, ਪਰ ਉਸ ਨੇ ਕਦੀ ਜ਼ਾਹਰ ਨਹੀਂ ਸੀ ਕੀਤਾ। ਇਕ ਵਾਰ ਉਸ ਨੇ ਕਿਹਾ ਕਿ ਮਾਂ ਦਾ ਆਪਣੇ ਬੱਚੇ ਨਾਲ ਸਭ ਤੋਂ ਜ਼ਿਆਦਾ ਪਿਆਰ ਹੁੰਦਾ ਹੈ ਪਰ ਇਸ ਦਾ ਇਹ ਅਰਥ ਨਹੀਂ ਕਿ ਬੱਚੇ ਨੂੰ ਠੀਕ ਨਾ ਕੀਤਾ ਜਾਵੇ, ਜਿੱਥੇ ਦੇਸ਼ ਗ਼ਲਤ ਹੈ ਉਹ ਵੀ ਠੀਕ ਕਰਨਾ ਚਾਹੀਦਾ ਹੈ। ਉਹ ਕਹਿੰਦੀ ਸੀ ਕਿ ਗ਼ਰੀਬੀ ਹੈ, ਗੰਦੀਆਂ ਬਸਤੀਆਂ ਹਨ, ਬੇਇਨਸਾਫ਼ੀ ਹੈ, ਭਿੰਨ-ਭੇਦ ਹੈ; ਪਰ ਉਹ ਆਸ਼ਾਵਾਦੀ ਸੀ ਕਿ ਇਹ ਠੀਕ ਠਾਕ ਹੋ ਜਾਵੇਗਾ।

## ਹਿਲਡਾ ਦਾ ਨਵੀਆਂ ਸਿਖਰਾਂ ਨੂੰ ਛੂਹਣਾ ਅਤੇ ਅੱਗੇ ਵਧਣਾ।

ਇਹ ਸਭ ਕੁਝ ਜੇਨ ਐਡਮਜ਼ ਦੀ ਮਦਦ ਨਾਲ ਹੀ ਸੰਭਵ ਹੋ ਸਕਿਆ। ਹੱਲ ਹਾਊਸ ਦੇ ਐਕਟਰ ਡਰਾਮੇ ਕਰਦੇ ਸਨ। ਬੱਚਿਆਂ ਦੀ ਡਰਾਮਾਟਿਕ ਕਲੱਬ ਵੀ ਡਰਾਮੇ ਕਰਦੀ ਸੀ। ਇਕ ਦਿਨ ਅਸੀਂ ਡਰਾਮਾ ਵੇਖਣ ਗਈਆਂ। ਬੜਾ ਚਿਰ ਬੈਠੀਆਂ ਰਹੀਆਂ। ਉਸ ਦਿਨ ਬਹੁਤ ਮੀਂਹ ਪਿਆ ਸੀ। ਅਖੀਰ 9 ਵਜੇ ਸਟੇਜ 'ਤੇ ਇਕ ਆਦਮੀ ਆਇਆ ਤਾਂ

ਕਹਿਣ ਲੱਗਾ ਕਿ ਅਫ਼ਸੋਸ ਹੈ ਕਿ ਮੀਂਹ ਕਰਕੇ ਐਕਟਰਾਂ ਨੂੰ ਡਰੈਸਿੰਗ ਰੂਮ ਤੋਂ ਸਟੇਜ ਤਕ ਲਿਆਉਣ ਲਈ ਸਮਾਂ ਲੱਗ ਗਿਆ ਹੈ, ਹੁਣ ਡਰਾਮਾ ਸ਼ੁਰੂ ਹੋਵੇਗਾ ।

ਇਕ ਦਿਨ ਕੈਸ਼ੀਅਰ ਬਿਮਾਰ ਹੋ ਗਈ ਅਤੇ ਛੁੱਟੀ ’ਤੇ ਚਲੀ ਗਈ । ਹੈੱਡ ਨੇ ਮੈਨੂੰ ਕਿਹਾ ਕਿ ਮੈਂ ਉਸ ਦੀ ਜਗ੍ਹਾ ’ਤੇ ਕੰਮ ਕਰਾਂ । ਮੈਂ ਚਾਰ ਹਫ਼ਤੇ ਉਸ ਦੀ ਜਗ੍ਹਾ ’ਤੇ ਕੰਮ ਕੀਤਾ । ਚਾਰ ਹਫ਼ਤੇ ਬਾਅਦ ਉਹ ਕੈਸ਼ੀਅਰ ਆਈ ਤਾਂ ਉਸ ਨੂੰ ਹੈੱਡ ਨੇ ਕਹਿ ਦਿੱਤਾ ਕਿ ਉਸ ਦੀ ਲੋੜ ਨਹੀਂ । ਉਸ ਨੂੰ ਲੋਕਾਂ ਨੇ ਕਿਹਾ ਕਿ ਮੇਰੀ ਵਜ੍ਹਾ ਕਰਕੇ ਉਸ ਦੀ ਛੁੱਟੀ ਹੋਈ ਹੈ । ਮੈਨੂੰ ਇਸ ਗੱਲ ਦਾ ਬੜਾ ਦੁੱਖ ਲੱਗਾ ਅਤੇ ਮੈਂ ਹੈੱਡ ਨੂੰ ਜਾ ਕੇ ਕਿਹਾ ਇਹ ਠੀਕ ਨਹੀਂ ਹੋਇਆ । ਉਸ ਨੇ ਮੈਨੂੰ ਇਹ ਵੀ ਕਿਹਾ ਕਿ ਇਹ ਇਕ ਯਹੂਦੀ ਹੀ ਕਰ ਸਕਦਾ ਹੈ । ਮੈਨੂੰ ਹੈੱਡ ਕਹਿਣ ਲੱਗਾ ਕਿ ਜੇ ਤੂੰ ਇਸ ਤਰ੍ਹਾਂ ਸਮਝਦੀ ਹੈਂ ਤਾਂ ਤੂੰ ਨੌਕਰੀ ਛੱਡ ਦੇ । ਤਾਂ ਮੈਂ ਕਿਹਾ ਕਿ ਮੈਂ ਹੁਣੇ ਹੀ ਛੱਡ ਦੇਂਦੀ ਹਾਂ ਅਤੇ ਮੈਂ ਆਪਣਾ ਕੋਟ ਲੈ ਕੇ ਘਰ ਆ ਗਈ । ਉਸ ਲੜਕੀ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਉਹ ਮੇਰੇ ਕੋਲ ਘਰ ਆਈ ਅਤੇ ਅਸੀਂ ਦੋਸਤ ਬਣ ਗਏ ।

ਮੈਨੂੰ ਨੌਕਰੀ ਨਹੀਂ ਸੀ ਲੱਭ ਰਹੀ । ਇਕ ਦਿਨ ਮੈਂ ਅਰੀਏਂਡਾ ਕਲੱਬ ਵਿੱਚ ਇਹ ਗੱਲ ਕੀਤੀ ਕਿ ਮੈਨੂੰ ਨੌਕਰੀ ਨਹੀਂ ਲੱਭ ਰਹੀ ਤਾਂ ਕਿਸੇ ਨੇ ਕਿਹਾ ਕਿ ਨੌਕਰੀ ਯਤੀਮਖ਼ਾਨੇ ਵਿੱਚ ਹੈ । ਸੋ, ਮੈਨੂੰ ਯਤੀਮਖ਼ਾਨੇ ਵਿੱਚ ਨੌਕਰੀ ਮਿਲ ਗਈ । ਉੱਥੇ 200 ਯਤੀਮ ਬੱਚੇ ਰਹਿੰਦੇ ਸਨ । ਉਹ ਚੰਗੀ ਸਿਹਤ ਵਾਲੇ ਬੱਚੇ ਸਨ । ਮੈਨੂੰ ਹਰ ਇਕ ਨੂੰ ਸੌਣ ਲੱਗਿਆਂ ਚੁੰਮਣਾ ਪੈਂਦਾ ਸੀ ।

ਜਿਸ ਦੀ ਜਗ੍ਹਾ ਮੈਂ ਕੰਮ ਕਰਦੀ ਸਾਂ, ਜਦੋਂ ਉਸ ਦਾ ਬੱਚਾ ਛੇ ਮਹੀਨੇ ਦਾ ਹੋ ਗਿਆ ਤਾਂ ਉਹ ਵਾਪਸ ਆਪਣੀ ਨੌਕਰੀ ’ਤੇ ਆ ਗਈ ਅਤੇ ਮੈਂ ਫਿਰ ਵਿਹਲੀ ਹੋ ਗਈ । ਹੁਣ ਫਿਰ ਮੈਂ ਨੌਕਰੀ ਲੱਭ ਰਹੀ ਸਾਂ ।

ਮੇਰਾ ਇਕ ਵਾਕਫ਼ ਸਿਡਨੀ ਟੈਲਰ, ਜੋ ਇੰਜੀਨੀਅਰਿੰਗ ਦਾ ਕੈਰੀਅਰ ਛੱਡ ਕੇ ਸਮਾਜ ਸੇਵਾ ਕਰ ਰਿਹਾ ਸੀ, ਦਿਨ ਦੇ ਸਮੇਂ ਉਹ ਯੂਨਾਈਟਿਡ ਚੈਰੀਟੀਜ਼ ਆਫ਼ ਸ਼ਿਕਾਗੋ ਨਾਲ ਕੰਮ ਕਰਦਾ ਸੀ ਅਤੇ ਰਾਤ ਨੂੰ ਉਹ ਡੇਬੋਰਾਹ ਬੁਆਏਜ ਕਲੱਬ ਵਿੱਚ ਕੰਮ ਕਰਦਾ ਸੀ ਜੋ ਕੰਮ ਕਰਨ ਵਾਲੇ ਬੱਚਿਆਂ ਦਾ ਘਰ ਸੀ, ਉੱਥੇ ਉਸ ਨੂੰ ਨਿਗਰਾਨ ਦੀ ਨੌਕਰੀ ਮਿਲ ਗਈ । ਉਸ ਨੇ ਸੋਚਿਆ ਕਿ ਉਹ ਦੋਵੇਂ ਨੌਕਰੀਆਂ ਕਰ ਸਕਦਾ ਹੈ, ਕਿਉਂ ਜੋ ਕਲੱਬ ਵਿੱਚ ਉਸ ਨੂੰ ਰਾਤ ਨੂੰ ਹੀ ਜਾਣਾ ਪਵੇਗਾ । ਉਸ ਨੇ ਮੈਨੂੰ ਫ਼ੋਨ ਕੀਤਾ ਕਿ ਕੀ ਮੈਂ ਦਿਨ ਵੇਲੇ ਜ਼ਿੰਮੇਵਾਰੀ ਨਿਭਾ ਸਕਦੀ ਹਾਂ ? ਮੈਂ ਪ੍ਰਵਾਨ ਕਰ ਲਿਆ ।

ਇਹ ਨੌਕਰੀ ਚੰਗੀ ਸੀ। ਮੈਂ ਕਲੱਬ ਦੇ ਖਾਣੇ ਅਤੇ ਆਮ ਪ੍ਰਬੰਧ ਲਈ ਜ਼ਿੰਮੇਵਾਰ ਸਾਂ । ਉਸ ਕਲੱਬ ਵਿੱਚ ਇਕ ਕੁੱਕ ਸੀ ਅਤੇ ਸਫ਼ਾਈ ਕਰਨ ਲਈ ਇਕ ਔਰਤ ਸੀ। ਕੁੱਕ ਦਾ ਕਮਰਾ ਮੇਰੇ ਅਤੇ ਸਿਡਨੀ ਦੇ ਕਮਰੇ ਦੇ ਵਿੱਚ ਸੀ। ਕਿਉਂ ਜੋ ਮੈਂ ਨਿਗਰਾਨੀ ਕਰਦੀ ਸਾਂ, ਇਸ ਲਈ ਸਫ਼ਾਈ, ਲਾਂਡਰੀ ਅਤੇ ਖ਼ੁਰਾਕ ਸੰਬੰਧੀ ਮੈਨੂੰ ਧਿਆਨ ਰੱਖਣਾ ਪੈਂਦਾ ਸੀ, ਸੋ ਮੈਂ ਹਰ ਵਕਤ ਰੁੱਝੀ ਰਹਿੰਦੀ ਸਾਂ । ਬੱਚਿਆਂ ਨੂੰ ਸਵੇਰੇ ਬਰੇਕਫਾਸਟ ਖਵਾਇਆ ਜਾਂਦਾ । ਫਿਰ ਉਹ ਦੁਪਹਿਰ ਦੇ ਖਾਣੇ ’ਤੇ ਆਉਂਦੇ । ਮੈਂ ਅਤੇ ਸਿਡਨੀ ਰਾਤ ਨੂੰ ਬੱਚਿਆਂ ਦੇ ਨਾਲ ਖਾਣਾ ਖਾਂਦੇ । ਉੱਥੇ ਸਾਨੂੰ ਘਰ ਵਰਗਾ ਹੀ ਮਹੌਲ ਲੱਗਦਾ ਸੀ ।

ਜ਼ਿਆਦਾਤਰ ਲੜਕਿਆਂ ਨੇ ਗਰੇਡ ਦੀ ਪੜ੍ਹਾਈ ਪੂਰੀ ਕਰ ਕੇ ਸਕੂਲ ਛੱਡ ਦੇਣਾ ਸੀ। ਸਿਡਨੀ ਨੇ ਉਹਨਾਂ ਲਈ ਸ਼ਾਮ ਦੀਆਂ ਜਮਾਤਾਂ ਦਾ ਇੰਤਜਾਮ ਕਰ ਦਿੱਤਾ। ਕਈ ਬੱਚੇ ਖੇਡਾਂ ਖੇਡਣੀਆਂ ਚਾਹੁੰਦੇ ਸਨ ਅਤੇ ਕਈ ਅੰਗਰੇਜ਼ੀ ਨੂੰ ਸੁਧਾਰਨਾ ਚਾਹੁੰਦੇ ਸਨ । ਸਿਡਨੀ ਨੇ ਅੰਗਰੇਜ਼ੀ ਦੀ ਜਮਾਤ ਸ਼ੁਰੂ ਕਰ ਦਿੱਤੀ। ਇਕ ਅਧਿਆਪਕਾ ਸਵੈ-ਇੱਛੁਕ ਤੌਰ ’ਤੇ ਸੇਵਾ ਕਰਨ ਲਈ ਮਿਲ ਗਈ। ਉਸ ਦਾ ਨਾਂ ਜੁਲੀਆ ਪੋਕਸ ਸੀ ।

ਭਾਵੇਂ ਅਰੀਏਂਡਾ ਕਲੱਬ ਵਿੱਚ ਮੈਂ ਬੜੇ ਦੋਸਤ ਬਣਾਏ ਸਨ ਅਤੇ ਉਹ ਦੋਸਤ ਮੇਰੀ ਖ਼ੁਸ਼ੀ ਗਮੀ ਵਿੱਚ ਮੇਰੇ ਦੋਸਤ ਸਨ । ਇਕ ਦਿਨ ਹੱਲ ਹਾਊਸ ਵਿੱਚ ਬਰਲਿਨ ਵਿਸ਼ੇ ’ਤੇ ਲੈਕਚਰ ਸੀ, ਮੈਂ ਉਹ ਲੈਕਚਰ ਸੁਣ ਕੇ 10 ਵਜੇ ਤੋਂ ਬਾਅਦ ਕਲੱਬ ਆਈ। ਸਿਡਨੀ ਦੇ ਨਾਲ ਉਸ ਦਾ ਇਕ ਦੋਸਤ ਖੜ੍ਹਾ ਸੀ ਜਿਸ ਦਾ ਨਾਂ ਬਿਲ ਸੀ। ਮੈਂ ਜਦੋਂ ਉਹਨਾਂ ਨੂੰ ਮਿਲਣ ਤੋਂ ਬਾਅਦ ਜਾਣ ਲੱਗੀ ਤਾਂ ਸਿਡਨੀ ਨੇ ਰੋਕ ਲਿਆ ਅਤੇ ਪੁੱਛਿਆ ਕਿ ਕੀ ਖਾਣ ਨੂੰ ਕੁਝ ਮਿਲ ਸਕਦਾ ਹੈ । ਮੈਂ ਰਸੋਈ ਵਿੱਚ ਗਈ ਅਤੇ ਟਰੇਅ ਵਿੱਚ ਖਾਣਾ ਲੈ ਕੇ ਆ ਗਈ। ਮੈਂ ਵੀ ਉਹਨਾਂ ਦੇ ਨਾਲ ਹੀ ਖਾਣ ਲਈ ਬੈਠ ਗਈ।

ਅਗਲੇ ਦਿਨ ਜਦੋਂ ਅਸੀਂ ਖਾਣਾ ਖਾਣ ਬੈਠੇ ਤਾਂ ਸਿਡਨੀ ਪੁੱਛ ਰਿਹਾ ਸੀ ਕਿ ਕੱਲ੍ਹ ਉਸ ਲੈਕਚਰ ਦਾ ਵਿਸ਼ਾ ਕੀ ਸੀ ? ਮੈਂ ਉਹਨਾਂ ਨੂੰ ਦੱਸਿਆ ਕਿ ਜਿਹੜੀ ਮਸ਼ੀਨ ਮਿਲਵਾਕੀ ਵਿੱਚ ਬਣਦੀ ਹੈ ਉਹ ਬਰਲਿਨ ਦੀਆਂ ਸੜਕਾਂ ਸਾਫ਼ ਕਰਦੀ ਹੈ ਅਤੇ ਉਹ ਕਈ ਸ਼ਹਿਰਾਂ ਵਿੱਚ ਵਰਤੀ ਜਾਂਦੀ ਹੈ । ਉਸ ਲੜਕੇ, ਬਿੱਲ ਤੋਂ ਮੈਂ ਜ਼ਿਆਦਾ ਪ੍ਰਭਾਵਿਤ ਨਹੀਂ ਸਾਂ ।

ਪਰ ਕੁਝ ਦਿਨਾਂ ਬਾਅਦ ਉਸ ਦਾ ਖ਼ਤ ਆਇਆ ਕਿ ਕੀ ਮੈਂ ਉਸ ਨਾਲ ਥਿਏਟਰ ਜਾਵਾਂਗੀ ? ਮੈਂ ਉਸ ਨੂੰ ਜਵਾਬ ਦਿੱਤਾ ਕਿ ਮੈਂ ਖ਼ੁਸ਼ੀ ਨਾਲ ਜਾਵਾਂਗੀ। ਉਸ ਦਾ ਫਿਰ ਖ਼ਤ ਆਇਆ ਕਿ ਮੈਂ ਉਸ ਨੂੰ ਗੱਡੀ ’ਤੇ ਮਿਲਾਂਗੀ

ਜਾਂ ਥਿਏਟਰ ਵਿੱਚ । ਮੈਂ ਉਸ ਨੂੰ ਗੱਡੀ ਵਿੱਚ ਮਿਲਣ ਲਈ ਕਿਹਾ । ਥਿਏਟਰ ਤੋਂ ਅਸੀਂ ਹੋਟਲ ਆਏ ਅਤੇ ਉਸ ਨੇ ਕਿਹਾ ਕਿ ਕੀ ਤੂੰ ਲੋਬਸਟਰ ਖਾਏਂਗੀ । ਉਸ ਦਿਨ ਖਾਣਾ ਖਾਧਾ ਅਤੇ ਚਲੇ ਗਏ ਅਤੇ ਇਸ ਤਰ੍ਹਾਂ ਮੈਂ ਬਿੱਲ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ ।

## ਅੱਗੇ ਵੱਲ ਵਧਣਾ

ਗਰਮੀਆਂ ਵਿੱਚ ਮੈਂ ਪ੍ਰੇਸ਼ਾਨ ਜਿਹੀ ਸਾਂ । ਹੱਲ ਹਾਊਸ ਵਿੱਚ ਇਕ ਦਿਨ ਮੈਂ ਜੇਨ ਐਡਮਜ਼ ਨੂੰ ਮਿਲੀ ਤਾਂ ਉਸ ਨੇ ਮੈਨੂੰ ਇਕ ਪੁਸਤਕ ਦਿੱਤੀ ਅਤੇ ਕਿਹਾ ਕਿ ਇਸ ਨੂੰ ਡਰਾਮੇ ਵਿੱਚ ਲਿਖੀਂ । ਇਸ ਪੁਸਤਕ ਦਾ ਨਾਂ 'ਵਾਕਿੰਗ ਡੇਲੀਗੇਟ' ਸੀ ਅਤੇ ਇਸ ਨੂੰ 'ਲਾਰੀ ਸਕਾਟ' ਨੇ ਲਿਖਿਆ ਸੀ । ਇਸ ਲਈ ਮੈਂ ਇਕ ਪੁਰਾਣਾ ਟਾਈਪ ਰਾਈਟਰ ਅਤੇ ਰਿਮ ਦੇ ਕਾਗ਼ਜ਼ ਲੈ ਲਏ । ਉਸ ਨੇ ਮੇਰਾ ਮਿਚੀਗਨ ਝੀਲ 'ਤੇ ਰਹਿਣ ਦਾ ਇੰਤਜ਼ਾਮ ਕਰਾ ਦਿੱਤਾ । ਜਦੋਂ ਅਰੀਏਂਡਾ ਕਲੱਬ ਵਿੱਚ ਮੇਰੀ ਇਸ ਨਵੀਂ ਕੋਸ਼ਿਸ਼ ਦਾ ਪਤਾ ਲੱਗਾ ਤਾਂ 4 ਲੜਕੇ ਲੜਕੀਆਂ ਵੀ ਤਿਆਰ ਹੋ ਗਈਆਂ । ਭਾਵੇਂ ਕਿ ਸ਼ਿਕਾਗੋ ਤੋਂ ਮਿਚੀਗਨ ਦਾ ਸਫ਼ਰ, ਸਿਰਫ਼ ਇਕ ਰਾਤ ਦਾ ਸੀ ਪਰ ਸਾਨੂੰ ਲੱਗਦਾ ਸੀ ਜਿਵੇਂ ਕੋਈ ਮਹਾਂਸਾਗਰ ਲੰਘਣਾ ਹੋਵੇ ।

ਆਪਣੇ ਰਹਿਣ ਵਾਲੀ ਜਗ੍ਹਾ 'ਤੇ ਮੈਂ ਆਪਣਾ ਸਾਰਾ ਸਮਾਨ ਟਿਕਾ ਕੇ ਵੇਖਣ ਲੱਗ ਪਈ ਕਿ ਆਪਣਾ ਟਾਈਪ ਰਾਈਟਰ ਕਿੱਥੇ ਰੱਖਾਂ ਅਤੇ ਇਸ ਲਈ ਜਗ੍ਹਾ ਲੱਭ ਲਈ । ਉਸ ਦਿਨ ਮੈਂ ਕਾਫ਼ੀ ਰੁੱਝੀ ਰਹੀ ਅਤੇ ਸ਼ਾਮ ਪੈ ਗਈ । ਰਾਤ ਦੇ ਖਾਣੇ ਵਿੱਚ ਅਜੇ ਇੱਕ ਘੰਟਾ ਬਾਕੀ ਸੀ ਅਤੇ ਮੈਂ ਸੈਰ ਕਰਨ ਲੱਗ ਪਈ । ਉਹ ਜਗ੍ਹਾ ਬਹੁਤ ਖ਼ੂਬਸੂਰਤ ਸੀ । ਵੱਖ-ਵੱਖ ਸੜਕਾਂ ਦਾ ਨਾਂ ਕਵੀਆਂ ਅਤੇ ਲਿਖਾਰੀਆਂ ਦੇ ਨਾਂਵਾਂ 'ਤੇ ਰੱਖੇ ਹੋਏ ਸਨ; ਜਿਵੇਂ ਰਸਕਿਨ ਰੋਡ, ਲਿੰਕਨ, ਪਾਥ, ਟਾਲਸਟਾਏ, ਬਰੋਨਿੰਗ ਪਾਥ ਹਿਲ, ਆਦਿ । ਮੈਨੂੰ ਚਿੱਟੀ ਦਾਹੜੀ ਵਾਲਾ ਇਕ ਬਜ਼ੁਰਗ ਮਿਲਿਆ ਜਿਸ ਦਾ ਨਾਂ ਡਾਕਟਰ ਗਰੇ ਸੀ । ਉਸ ਆਦਮੀ ਦਾ ਪੇਇੰਗ ਗੈਸਟ ਹਾਲ ਸੀ, ਜਿੱਥੇ ਉਹ ਛੁੱਟੀਆਂ ਵਿੱਚ ਬੱਚਿਆਂ ਲਈ ਮੁਫ਼ਤ ਵਿੱਚ ਰਹਿਣ ਲਈ ਕੈਂਪ ਲਾਉਂਦਾ ਸੀ ।

ਮੈਂ ਬਰੇਕਫਾਸਟ ਖ਼ਤਮ ਕਰਕੇ ਟਾਈਪ ਰਾਈਟਰ 'ਤੇ ਬੈਠ ਜਾਂਦੀ ਸਾਂ। ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਫਿਰ ਸ਼ਾਮ ਨੂੰ ਤੈਰਨ ਵਾਲਾ ਸੂਟ ਪਾ ਕੇ ਝੀਲ ਦੇ ਕੰਢੇ 'ਤੇ ਚਲੀ ਜਾਂਦੀ ਸਾਂ । ਫਿਰ ਮੈਂ ਡੁੱਬਦੇ ਸੂਰਜ ਨੂੰ ਵੇਖਣ ਲਈ ਵੀ ਸਮਾਂ ਕੱਢ ਲੈਂਦੀ ਸਾਂ । ਹਫ਼ਤੇ ਵਿੱਚ ਇੱਕ ਦੋ ਦਿਨ ਅਸੀਂ ਸ਼ਹਿਰ

ਜਾਂਦੇ । ਉੱਥੇ ਅਸੀਂ ਨੱਚਦੇ ਅਤੇ ਰੱਜ ਕੇ ਖਾਣਾ ਖਾਂਦੇ । ਹੁਣ ਸਾਰੇ ਬੱਚੇ ਵਾਪਸ ਚਲੇ ਗਏ ਸਨ । ਮੈਂ ਜੂਨ ਅਤੇ ਜ਼ਿਆਦਾ ਜੁਲਾਈ ਦੇ ਮਹੀਨੇ ਲਿਖਣ ਲਈ ਉੱਥੇ ਰਹਿ ਗਈ ।

ਸਵੇਰੇ ਬਾਰਸ਼ ਹੋ ਰਹੀ ਸੀ । ਬਰੇਕਫਾਸਟ ਤੋਂ ਬਾਅਦ ਮੈਂ ਅਤੇ ਬਿਲ ਅਸੀਂ ਦੋਵੇਂ ਬਾਰਸ਼ ਵਿੱਚ ਤੁਰਦੇ ਰਹੇ । ਮੈਂ ਇਹ ਵਿਚਾਰ ਕਿ ਕੱਲ੍ਹ ਉਸ ਨੇ ਚਲੇ ਜਾਣਾ ਹੈ, ਆਪਣੇ ਮਨ ਵਿੱਚੋਂ ਕੱਢਣਾ ਚਾਹੁੰਦੀ ਸੀ ਅਤੇ ਜਿਸ ਦਿਨ ਉਹ ਵਾਪਸ ਗਿਆ ਮੈਂ ਲਿਖਣ ਵਿੱਚ ਰੁੱਝ ਗਈ ।

## ਵਾਕਿੰਗ ਡੈਲੀਗੇਟ

ਮੈਂ ਦਿਨ ਰਾਤ ਉਸ ਨਾਵਲ ਦੇ ਪਾਤਰਾਂ ਬਾਰੇ ਸੋਚਦੀ ਰਹਿੰਦੀ ਸਾਂ ਅਤੇ ਉਹਨਾਂ ਨੂੰ ਡਰਾਮੇ ਵਿੱਚ ਠੀਕ-ਠੀਕ ਪੇਸ਼ ਕਰਨ ਲਈ ਲੱਗੀ ਰਹਿੰਦੀ ਸਾਂ । ਇਸ ਲਈ ਜਿੰਨਾ ਚਿਰ ਰੋਸ਼ਨੀ ਰਹਿੰਦੀ ਮੈਂ ਆਪਣੇ ਕੰਮ ਵਿੱਚ ਰੁੱਝੀ ਰਹਿੰਦੀ ਅਤੇ ਜਦੋਂ ਰਾਤ ਨੂੰ ਸੌਣ ਲੱਗਦੀ ਤਾਂ ਉਹਨਾਂ ਪਾਤਰਾਂ ਬਾਰੇ ਸੋਚਦੀ ਰਹਿੰਦੀ ।

ਉਸ ਦਾ ਮੁੱਖ ਪਾਤਰ ਸਾਮ ਪਾਰਕ ਸੀ, ਜਿਹੜਾ ਇਕ ਹੜਤਾਲ ਤੋਂ ਬਾਅਦ ਤਨਖ਼ਾਹ ਵਧਾਉਣ ਲਈ ਨਿਊਯਾਰਕ ਵਿੱਚ ਟਰੇਡ ਯੂਨੀਅਨ ਬਣਾਉਣ ਲਈ ਇਕ ਸ਼ਕਤੀ ਵਜੋਂ ਉੱਭਰ ਕੇ ਸਾਹਮਣੇ ਆਇਆ । ਉਸ ਦੀਆਂ ਸਫਲਤਾਵਾਂ ਕਰਕੇ, ਕਿਹਾ ਜਾਂਦਾ ਸੀ ਕਿ ਪੈਸੇ ਉਸ ਲਈ ਪਹਿਲ ਹਨ ਅਤੇ ਫਿਰ ਅਫ਼ਵਾਹਾਂ ਉੱਠੀਆਂ ਕਿ ਉਹ ਹੜਤਾਲ ਨੂੰ ਵੇਚ ਦਿੰਦਾ ਹੈ । ਫਿਰ ਇਸ ਸੰਬੰਧੀ ਇਕ ਸਬੂਤ ਦਿੱਤਾ ਗਿਆ ਅਤੇ ਉਸ ਨੂੰ ਜੇਲ੍ਹ ਹੋ ਗਈ ।

ਲਾਰੀ ਸਕਾਟ, ਹੱਲ ਹਾਊਸ ਵਿੱਚ ਰਹਿੰਦਾ ਸੀ । ਉਸ ਦੇ ਡਰਾਮੇ, ਵਾਕਿੰਗ ਡੇਲੀਗੇਟ ਵਿੱਚ ਉਸ ਨੇ ਦੱਸਿਆ ਕਿ ਉਹ ਟਰੇਡ ਯੂਨੀਅਨਾਂ ਵਿੱਚ ਇਮਾਨਦਾਰ ਅਤੇ ਗ਼ੈਰ-ਇਮਾਨਦਾਰ ਦੋਵਾਂ ਤਰ੍ਹਾਂ ਦੇ ਵਿਅਕਤੀ ਹਨ । ਇਸ ਤਰ੍ਹਾਂ ਹੀ ਕਾਰਖ਼ਾਨੇ ਦੇ ਮਾਲਕਾਂ ਵਿੱਚ ਵੀ ਇਮਾਨਦਾਰ ਅਤੇ ਗ਼ੈਰ-ਇਮਾਨਦਾਰ ਦੋਵਾਂ ਤਰ੍ਹਾਂ ਦੇ ਲੋਕ ਹਨ । ਇਸ ਤਰ੍ਹਾਂ ਹੀ ਜਿੱਥੇ ਰਿਸ਼ਵਤ ਦੇਣ ਵਾਲੇ ਹਨ ਉੱਥੇ ਰਿਸ਼ਵਤ ਲੈਣ ਵਾਲੇ ਵੀ ਹਨ । ਜੇਨ ਐਡਮਜ਼ ਕਿਰਤੀਆਂ ਦੀਆਂ ਮੁਸ਼ਕਲਾਂ ਵੱਲ ਡੂੰਘਾ ਧਿਆਨ ਦਿੰਦੀ ਸੀ ਅਤੇ ਇਹ ਨੁਕਤਾ ਜੇਨ ਐਡਮਜ਼ ਦੀ ਦਿਲਚਸਪੀ ਵਾਲਾ ਸੀ ।

ਸ੍ਰੀ ਸਕਾਟ ਦੀ ਪੁਸਤਕ ਵਿੱਚ ਉਸ ਨੇ ਲੋਹੇ ਦਾ ਕੰਮ ਕਰਨ ਵਾਲੇ ਕਿਰਤੀਆਂ ਨੂੰ ਚੁਣਿਆ । ਬਕ ਫੋਲੀ ਮੁੱਖ ਪਾਤਰ ਸੀ ਜੋ ਗ਼ੈਰ-ਇਮਾਨਦਾਰ ਕਿਰਤੀ ਨੇਤਾ ਸੀ ਉਸ ਨੇ ਇਕ ਕਾਮਯਾਬ ਹੜਤਾਲ ਕਰਵਾਈ ਅਤੇ ਉਹ

ਕਿਰਤੀਆਂ ਦਾ ਨਾਇਕ ਬਣ ਗਿਆ। ਉਸ ਨੇ ਚੋਣ ਲੜੀ ਅਤੇ ਥੋੜ੍ਹੀਆਂ ਜਿਹੀਆਂ ਵੋਟਾਂ ਨਾਲ ਜਿੱਤ ਗਿਆ। ਚੋਣਾਂ ਤੋਂ ਬਾਅਦ ਉਸ ਨੇ ਇਕ ਹੋਰ ਹੜਤਾਲ ਕਰਵਾਈ। ਟਾਮ ਜਿਹੜਾ ਉਸ ਦੇ ਖ਼ਿਲਾਫ਼ ਸੀ ਉਸ ਨੇ ਇਹ ਅਫ਼ਵਾਹ ਫੈਲਾਅ ਦਿੱਤੀ ਕਿ ਉਹ ਪੈਸੇ ਖਾ ਗਿਆ ਹੈ, ਪਰ ਫਿਰ ਵੀ ਉਹ ਕਿਰਤੀਆਂ ਦਾ ਨੇਤਾ ਸੀ। ਪਰ ਟਾਮ ਨੇ ਸਾਬਤ ਕਰ ਦਿੱਤਾ ਕਿ ਫੋਲੀ ਨੇ 50 ਹਜ਼ਾਰ ਡਾਲਰ ਵਿੱਚ ਹੜਤਾਲ ਵੇਚ ਦਿੱਤੀ ਹੈ ਅਤੇ ਆਪਣੇ ਪਹਿਲੇ ਸਾਥੀ ਵਾਂਗ ਉਹ ਵੀ ਜੇਲ੍ਹ ਵਿੱਚ ਚਲਾ ਗਿਆ।

ਹੱਲ ਹਾਊਸ ਦੇ ਇਕ ਵਿਅਕਤੀ ਨੇ ਇਹ ਨਾਵਲ ਲਿਖਿਆ ਤੇ ਮੈਂ ਉਸ ਨੂੰ ਡਰਾਮੇ ਦੀ ਸ਼ਕਲ ਦਿੱਤੀ ਅਤੇ ਹੱਲ ਹਾਊਸ ਦੇ ਕਲਾਕਾਰਾਂ ਨੇ ਉਸ ਡਰਾਮੇ ਨੂੰ ਖੇਡਿਆ। ਹੱਲ ਹਾਊਸ ਵਿੱਚ ਇਹ ਪਹਿਲੀ ਵਾਰ ਹੋਇਆ। ਮੈਨੂੰ ਉਸ ਕੰਮ ਦੇ ਵਪਾਰਕ ਮੁੱਲ ਬਾਰੇ ਨਹੀਂ ਸੀ ਪਤਾ। ਮੈਂ ਲਿਖਿਆ ਅਤੇ ਉਹ ਖੇਡਿਆ ਗਿਆ। ਜੇਨ ਐਡਮਜ਼ ਕਿਰਤੀਆਂ ਦੀਆਂ ਮੰਗਾਂ ਦਾ ਬਹੁਤ ਖ਼ਿਆਲ ਰੱਖਦੀ ਸੀ। ਉਹਨਾਂ ਦਿਨਾਂ ਵਿੱਚ ਫੋਰਮੈਨ ਅਤੇ ਫੋਰ ਵੂਮੈਨ ਨੂੰ ਇਹ ਅਧਿਕਾਰ ਸੀ ਕਿ ਉਹ ਕਿਰਤੀਆਂ ਦੀਆਂ ਤਨਖ਼ਾਹਾਂ ਘਟਾ ਸਕਦੇ ਸਨ। ਇਸ ਨਾਲ ਮਾਲਕਾਂ ਦੇ ਲਾਭ ਵੱਧਦੇ ਸਨ, ਜਿਸ ਦੇ ਬਦਲੇ ਫੋਰਮੈਨ ਅਤੇ ਫੋਰ ਵੂਮੈਨ ਦੀ ਤਨਖ਼ਾਹ ਵਧਦੀ ਸੀ।

ਇਕ ਦਿਨ ਇਕ ਫੈਕਟਰੀ ਵਿੱਚ ਇਕ ਲੜਕੀ ਦੀ ਪੈਨੀ ਦਾ ਚੌਥਾ ਹਿੱਸਾ ਤਨਖ਼ਾਹ ਕੱਟੀ ਗਈ। ਉਸ ਨੇ ਮਾਲਕ ਕੋਲ ਇਸ ਦਾ ਰੋਸ ਕੀਤਾ; ਪਰ ਮਾਲਕ ਨੇ ਕੋਈ ਕਾਰਵਾਈ ਨਾ ਕੀਤੀ। ਇਸ ਲਈ ਉਸ ਨੇ ਨੌਕਰੀ ਛੱਡ ਦਿੱਤੀ। ਅਗਲੇ ਦਿਨ 14 ਹੋਰਾਂ ਨੇ ਨੌਕਰੀ ਛੱਡ ਦਿੱਤੀ। ਫਿਰ ਹੌਲੀ ਹੌਲੀ 8000 ਕਿਰਤੀ ਹੜਤਾਲ 'ਤੇ ਚਲੇ ਗਏ ਅਤੇ ਉਹ ਬਹੁਤ ਵੱਡੀ ਯੂਨੀਅਨ ਵਿੱਚ ਬਦਲ ਗਈ। ਇਹ ਸਤੰਬਰ 1910 ਦੀ ਗੱਲ ਹੈ। ਫੈਕਟਰੀਆਂ ਦੇ ਮਾਲਕ ਯਹੂਦੀ ਸਮਾਜ-ਸੇਵੀ ਸੰਸਥਾਵਾਂ ਨੂੰ ਬਹੁਤ ਵੱਡੀ ਮਦਦ ਦਿੰਦੇ ਸਨ। ਜੇਨ ਐਡਮਜ਼ ਨੇ ਮੂਲਨਬਾਚ ਨਾਲ ਮਿਲ ਕੇ ਹੜਤਾਲ ਕਰਨ ਵਾਲਿਆਂ ਲਈ 20 ਹਜ਼ਾਰ ਡਾਲਰ ਇਕੱਠੇ ਕੀਤੇ, ਜਿਸ ਨਾਲ ਉਹਨਾਂ ਨੇ ਦੁੱਧ ਦੇ ਸਟੋਰ ਖੋਲ੍ਹੇ। ਡਾਕਟਰਾਂ ਨੇ ਹੜਤਾਲੀਆਂ ਦੀ ਸੇਵਾ ਕੀਤੀ, ਖ਼ਾਸ ਕਰਕੇ ਉਹਨਾਂ ਦੀ ਜਿਨ੍ਹਾਂ ਨੂੰ ਪੁਲਿਸ ਨੇ ਕੁੱਟਿਆ ਸੀ। ਸਮਾਜ ਨਾਲ ਸੰਬੰਧਿਤ ਵਿਅਕਤੀਆਂ ਨੇ ਹੜਤਾਲ ਦੀ ਮਦਦ ਕੀਤੀ। ਇਹ ਸਭ ਕੁਝ ਜੇਨ ਐਡਮਜ਼ ਕਰਕੇ ਹੋਇਆ।

ਬਿਲ ਦਾ ਪਿਆਰਾ ਖ਼ਤ ਰੋਜ਼ ਆਉਂਦਾ ਸੀ, ਮੈਂ ਡਰਾਮਾ ਲਿਖਣ ਵਿੱਚ ਲੱਗੀ ਹੋਈ ਸੀ ਅਤੇ ਉਹ ਅਗਸਤ ਦੇ ਅਖ਼ੀਰ ਵਿੱਚ ਮੁੱਕਿਆ ਅਤੇ

ਮੈਂ ਸਮਾਨ ਲੈ ਕੇ ਵਾਪਸ ਸ਼ਿਕਾਗੋ ਆ ਗਈ ।

ਡਰਾਮੇ ਦੇ ਡਾਇਰੈਕਟਰ ਪੈਲਹਮ ਨੇ ਡਰਾਮੇ ਨੂੰ ਕਈ ਵਾਰ ਪੜ੍ਹਿਆ ਅਤੇ ਕਿਹਾ ਕਿ ਇਸ ਦੇ ਕੁਝ ਸੀਨ ਦੁਬਾਰਾ ਲਿਖਣੇ ਚਾਹੀਦੇ ਹਨ । ਮੇਰੇ ਵੱਲੋਂ ਹੱਲ ਹਾਊਸ ਨੂੰ ਦਿੱਤਾ ਗਿਆ, ਇਹ ਮੇਰਾ ਪਹਿਲਾ ਤੋਹਫ਼ਾ ਸੀ । ਮੈਂ ਬਹੁਤ ਖ਼ੁਸ਼ ਸਾਂ, ਕਿਉਂ ਜੋ ਹੱਲ ਹਾਊਸ ਨੇ ਮੇਰੀ ਨਿਰਾਸ਼ਾ ਤੋਂ ਮੁਕਤੀ ਕਰਵਾਈ ਸੀ । ਉਸ ਵਕਤ ਤਕ ਮੇਰੇ ਕੋਲੋਂ ਪੈਸੇ ਮੁੱਕ ਗਏ ਸਨ ਅਤੇ ਮੈਨੂੰ ਨੌਕਰੀ ਦੀ ਲੋੜ ਸੀ । ਮੈਂ ਪਬਲਿਸ਼ਿੰਗ ਹਾਊਸ ਕੋਲ ਗਈ ਅਤੇ ਮੈਨੂੰ ਨੌਕਰੀ ਮਿਲ ਗਈ ।

ਮੈਂ ਆਪਣੀ ਮਾਂ ਨੂੰ ਬਿਲ ਬਾਰੇ ਦੱਸਿਆ । ਉਸ ਹੀ ਸ਼ਾਮ ਨੂੰ ਬਿਲ ਦਾ ਖ਼ਤ ਆਇਆ ਜਿਸ ਵਿੱਚ ਮਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਮੈਂ ਹਿਲਡਾ ਨੂੰ ਪਿਆਰ ਕਰਦਾ ਹਾਂ ਅਤੇ ਜੁਲਾਈ ਵਿੱਚ ਵਿਆਹ ਕਰਨਾ ਚਾਹੁੰਦਾ ਹਾਂ, ਤੁਸੀਂ ਬੇਟੀ ਨਹੀਂ ਖੋਵੋਗੇ ਸਗੋਂ ਤੁਹਾਨੂੰ ਬੇਟਾ ਮਿਲ ਜਾਵੇਗਾ ।

ਜਿਨ੍ਹਾਂ ਦਿਨਾਂ ਵਿੱਚ ਵਾਕਿੰਗ ਡੇਲੀਗੇਟ ਦੀ ਰਿਹਰਸਲ ਹੋ ਰਹੀ ਸੀ ਉਹਨਾਂ ਦਿਨਾਂ ਵਿੱਚ ਮੈਂ ਜੇਨ ਐਡਮਜ਼ ਨੂੰ ਆਪਣੇ ਵਿਆਹ ਦੀ ਖ਼ੁਸ਼ਖ਼ਬਰੀ ਦਿੱਤੀ ਅਤੇ ਜੇਨ ਐਡਮਜ਼ ਨੇ ਮੈਨੂੰ ਪੁੱਛਿਆ ਕਿ ਕੀ ਉਹ ਯਹੂਦੀ ਹੈ? ਤੇ ਉਹ ਦੱਸਣ ਲੱਗ ਪਈ ਕਿ ਭਾਵੇਂ ਵਿਆਹ ਦੋ ਵਿਅਕਤੀਆਂ ਦਾ ਮੇਲ ਹੈ ਪਰ ਉਹ ਜਾਣਦੀ ਹੈ ਕਿ ਨਿਊਯਾਰਕ ਵਿੱਚ ਇਕ ਲੜਕੀ ਨੇ ਗ਼ੈਰ-ਯਹੂਦੀ ਨਾਲ ਵਿਆਹ ਕੀਤਾ ਸੀ ਅਤੇ ਵਿਆਹ ਦੇ ਅਸਫਲ ਰਹਿਣ ਵਿੱਚ ਸਾਰਾ ਇਲਜਾਮ ਉਸ ਲੜਕੀ 'ਤੇ ਹੀ ਲੱਗਾ ਸੀ ਕਿ ਉਸ ਨੇ ਗ਼ੈਰ-ਯਹੂਦੀ ਨਾਲ ਵਿਆਹ ਕਰ ਲਿਆ ਸੀ । ਉਸ ਨੇ ਮੈਨੂੰ ਕਿਹਾ ਕਿ ਮੈਂ ਵੀ ਤੇਰੀ ਮਾਂ ਦੀ ਤਰ੍ਹਾਂ ਹੀ ਤੇਰੇ ਵਿਆਹ 'ਤੇ ਖ਼ੁਸ਼ ਹਾਂ ਅਤੇ ਉਸ ਨੇ ਮੈਨੂੰ ਚੁੰਮ ਲਿਆ ।

ਉਸ ਨੇ ਮੈਨੂੰ ਆਪਣੇ ਨਾਲ, ਆਪਣੇ ਕਮਰੇ ਵਿੱਚ ਆਉਣ ਲਈ ਕਿਹਾ ਅਤੇ ਇਕ ਪੁਸਤਕ 'ਤੇ ਦਸਤਖ਼ਤ ਕਰ ਕੇ ਮੈਨੂੰ ਦਿੱਤੀ; ਉਹ ਸੀ ''**ਹੱਲ ਹਾਊਸ ਵਿੱਚ ਪਹਿਲੇ ਵੀਹ ਸਾਲ**'' ਉਸ ਨੇ ਕਿਹਾ ਕਿ ਇਹ ਛੋਟਾ ਜਿਹਾ ਤੋਹਫ਼ਾ ਹੈ; ਪਰ ਮੇਰੇ ਲਈ ਉਹ ਬਹੁਤ ਵੱਡਾ ਅਤੇ ਕੀਮਤੀ ਤੋਹਫ਼ਾ ਸੀ ।

ਜਿਸ ਦਿਨ ਡਰਾਮਾ ਵਾਕਿੰਗ ਡੈਲੀਗੇਟ ਨੂੰ ਵਿਖਾਇਆ ਜਾਣਾ ਸੀ, ਇਹ ਉਹ ਦਿਨ ਸੀ ਜਿਸ ਦਿਨ ਸਾਡਾ ਵਿਆਹ ਸੀ । ਪਰ ਅਸੀਂ ਇਸ ਨੂੰ ਨਾ ਬਦਲਿਆ ਕਿਉਂ ਜੋ ਸੋਚਿਆ ਕਿ ਮਾਂ ਵੱਲੋਂ ਦਿੱਤੇ ਰਾਤ ਦੇ ਖਾਣੇ ਤੋਂ ਬਾਅਦ ਇਹ ਚੰਗਾ ਲੱਗੇਗਾ ।

ਇਸ ਨੂੰ ਪਹਿਲੀ ਵਾਰ 10 ਅਪ੍ਰੈਲ ਨੂੰ ਵਿਖਾਇਆ ਗਿਆ ਸੀ ਜੋ

ਵਿਆਹ ਤੋਂ ਇਕ ਹਫ਼ਤਾ ਪਹਿਲਾਂ ਸੀ ਪਰ ਮੈਨੂੰ ਉਸ ਬਾਰੇ ਕੁਝ ਪਤਾ ਨਹੀਂ ਸੀ।

ਰਬੀ ਦੀ ਇਮਾਰਤ ਵਿੱਚ ਵਿਆਹ ਦੀ ਰਸਮ ਹੋਈ ਅਤੇ ਇਸ ਤੋਂ ਬਾਅਦ ਰਾਤ ਦਾ ਖਾਣਾ ਖਾਧਾ । ਖਾਣਾ ਬਹੁਤ ਸੁਆਦ ਸੀ । ਮੈਨੂੰ ਵਿਆਹ ਦਾ ਸਰਟੀਫਿਕੇਟ ਮਿਲਿਆ, ਜਿਸ 'ਤੇ ਪਤਨੀ ਦੇ ਨਾਲ-ਨਾਲ ਮੈਨੂੰ ਅਮਰੀਕਾ ਦਾ ਸ਼ਹਿਰੀ ਬਣਨਾ ਵੀ ਸੀ । ਜੇ ਸਾਡਾ ਬਾਪ ਅਮਰੀਕਾ ਦਾ ਸ਼ਹਿਰੀ ਹੁੰਦਾ ਤਾਂ ਅਸੀਂ ਸਭ ਬੱਚੇ ਸ਼ਹਿਰੀ ਬਣ ਜਾਂਦੇ, ਭਾਵੇਂ ਔਰਤਾਂ ਨੂੰ ਵੋਟ ਦਾ ਹੱਕ ਨਹੀਂ ਸੀ ।

ਉਸ ਦਿਨ ਡਰਾਮੇ ਦੀ ਦੂਸਰੀ ਕਿਸ਼ਤ ਵਿਖਾਉਣ ਤੋਂ ਬਾਅਦ ਜੇਨ ਐਡਮਜ਼ ਨੇ ਸਾਨੂੰ ਸਾਰਿਆਂ ਨੂੰ ਪਾਰਟੀ 'ਤੇ ਆਉਣ ਲਈ ਸੱਦਾ ਦਿੱਤਾ । ਮੈਂ ਅਰੀਏਂਡਾ ਕਲੱਬ ਦੇ ਮੈਂਬਰਾਂ ਨਾਲ ਘਿਰੀ ਹੋਈ ਸਾਂ, ਉਹ ਸਭ ਮੈਨੂੰ ਵਧਾਈਆਂ ਦੇ ਰਹੇ ਸਨ । ਜਦੋਂ ਡਰਾਮੇ ਦੀ ਸਟੇਜ 'ਤੇ ਆਖਰੀ ਪਰਦਾ ਡਿੱਗਿਆ ਅਤੇ ਲੇਖਕ ਦੇ ਨਾਹਰੇ ਲੱਗੇ ਤਾਂ ਮੈਨੂੰ ਸਟੇਜ 'ਤੇ ਸੱਦਿਆ ਗਿਆ । ਮੈਂ ਸਿਰ ਝੁਕਾ ਕੇ ਖੜ੍ਹੀ ਸਾਂ, ਮੇਰੀਆਂ ਅੱਖਾਂ ਵਿੱਚੋਂ ਅੱਥਰੂ ਵਗ ਰਹੇ ਸਨ ।

## ਮਿਲਵਾਕੀ

ਸ਼ਾਇਦ ਜਨਵਰੀ ਦੀ ਗੱਲ ਹੈ, ਉਸ ਸਾਲ ਦੀ ਪੱਤਝੜ ਨੂੰ ਪ੍ਰਧਾਨ ਦੀ ਚੋਣ ਸੀ । ਰੂਜਵੈਲਟ ਥੀਓਡੋਰ ਰਿਪਬਲਿਕਨ ਪਾਰਟੀ ਦਾ ਟਿਕਟ ਲੈਣ ਵਿੱਚ ਫੇਲ੍ਹ ਹੋ ਗਿਆ । ਉਸ ਨੇ ਪ੍ਰੋਗ੍ਰੈਸਿਵ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਦਾ ਫ਼ੈਸਲਾ ਕੀਤਾ । ਡੈਮੋਕਰੈਟਿਕ ਦਾ ਚੋਣ ਨਿਸ਼ਾਨ ਖੋਤਾ ਸੀ । ਰਿਪਬਲਿਕਨ ਦਾ ਹਾਥੀ ਸੀ ।

ਪ੍ਰੋਗ੍ਰੈਸਿਵ ਨੇ ਬੌਲਦ ਚੁਣਿਆ । ਪ੍ਰੋਗ੍ਰੈਸਿਵ ਪਾਰਟੀ ਰੂਜਵੈਲਟ ਦੀ ਹਾਰ ਨਾਲ ਖ਼ਤਮ ਹੋ ਗਈ । ਪ੍ਰੋਗ੍ਰੈਸਿਵ ਕਨਵੈਨਸ਼ਨ ਵਿੱਚ ਰੂਜਵੈਲਟ ਨੂੰ ਜਿਸ ਨੇ ਤਾਈਦ ਕੀਤਾ ਸੀ, ਉਹ ਜੇਨ ਐਡਮਜ਼ ਸੀ । ਇਹ ਔਰਤਾਂ ਨੂੰ ਵੋਟ ਦਾ ਹੱਕ ਮਿਲਣ ਤੋਂ ਪਹਿਲਾਂ ਦੀ ਗੱਲ ਹੈ । ਇਹ ਪਹਿਲਾ ਮੌਕਾ ਸੀ ਕਿ ਕਿਸੇ ਔਰਤ ਨੇ ਇਸ ਹੈਸੀਅਤ ਵਿੱਚ ਤਾਈਦ ਕੀਤਾ ਸੀ । ਇਸ ਕਰਕੇ ਜੇਨ ਐਡਮਜ਼ ਨੇ ਰੂਜਵੈਲਟ ਦੀ ਮਦਦ ਕੀਤੀ ਸੀ ।

ਇਕ ਦਿਨ ਰੂਜਵੈਲਟ ਦੀ ਮਿਲਵਾਕੀ ਵਿੱਚ ਮੀਟਿੰਗ ਸੀ, ਇਸ ਲਈ ਮੈਂ ਅਤੇ ਬਿਲ ਉਸ ਹਾਲ ਵਿੱਚ ਪਹਿਲਾਂ ਹੀ ਚਲੇ ਗਏ । ਅਸੀਂ ਖਾਣ ਲਈ ਵੀ ਕੁਝ ਘਰੋਂ ਹੀ ਲੈ ਗਏ । ਹਾਲ ਵਿੱਚ ਹਰ ਤਰਫ਼ ਜੇਨ ਐਡਮਜ਼ ਦੀਆਂ ਫੋਟੋਆਂ ਸਨ । 8.30 ਤਕ ਉੱਥੇ ਕੁਝ ਨਾ ਹੋਇਆ ਅਤੇ ਹੋਰ 12

ਮਿੰਟ ਤਕ ਮੀਟਿੰਗ ਸ਼ੁਰੂ ਹੋਣ ਦੀ ਉਮੀਦ ਨਹੀਂ ਸੀ । ਫਿਰ ਹੋਰ 15 ਮਿੰਟਾਂ ਬਾਅਦ ਇਕ ਆਦਮੀ ਸਟੇਜ ’ਤੇ ਆਇਆ ਅਤੇ ਬੋਲਿਆ ਕਿ ਮੈਂ ਤੁਹਾਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦਾ; ਪਰ ਮੈਂ ਤੁਹਾਨੂੰ ਜ਼ਰੂਰ ਦੱਸਾਂਗਾ ਕਿ ਰੂਜਵੈਲਟ ਨੂੰ ਗੋਲੀ ਮਾਰ ਦਿੱਤੀ ਗਈ ਹੈ ।

ਇਸ ਘੋਸ਼ਣਾ ਨਾਲ 7000 ਦੀ ਹਾਜ਼ਰੀ ਵਿੱਚ ਇਕ ਬਿਜਲੀ ਦੀ ਲਹਿਰ ਦੌੜ ਗਈ ਅਤੇ ਉਹ ਆਦਮੀ ਇਕ ਦਮ ਫਿਰ ਸਟੇਜ ’ਤੇ ਆਇਆ ਅਤੇ ਬਿਲਕੁਲ ਚੁੱਪ ਬੈਠੀ ਭੀੜ ਨੂੰ ਕਹਿਣ ਲੱਗਾ ਕਿ ਉਹ ਲੋਕਾਂ ਦਾ ਧਿਆਨ ਖਿੱਚਣ ਵਿੱਚ ਕਾਮਯਾਬ ਹੋ ਗਿਆ ਹੈ । ਉਹ ਕਹਿਣ ਲੱਗਾ ਮਰਦ ਅਤੇ ਔਰਤਾਂ ਨੂੰ ਬੇਨਤੀ ਹੈ ਕਿ ਆਪਣੀਆਂ ਸੀਟਾਂ ’ਤੇ ਬੈਠ ਜਾਉ । ਅਸੀਂ ਰੂਜਵੈਲਟ ਨੂੰ ਕਿਹਾ ਸੀ ਕਿ ਤੁਸੀਂ ਹਸਪਤਾਲ ਜਾਉ ਪਰ ਉਹ ਕਹਿੰਦੇ ਹਨ ਕਿ ਮੈਂ ਭਾਸ਼ਣ ਦੇ ਕੇ ਜਾਣਾ ਹੈ ਅਤੇ ਉਹ ਜ਼ਿੱਦ ਕਰ ਰਹੇ ਹਨ । ਰੂਜਵੈਲਟ ਕਹਿਣ ਲੱਗਾ ਕਿ ਸ਼ਾਇਦ ਕੁਝ ਲੋਕਾਂ ਨੂੰ ਸ਼ੱਕ ਹੋਵੇਗਾ ਕਿ ਮੈਨੂੰ ਗੋਲੀ ਨਹੀਂ ਲੱਗੀ ਫਿਰ ਉਸ ਨੇ ਕੋਟ ਦੇ ਬਟਨ ਖੋਲ੍ਹ ਕੇ ਲਹੂ ਭਿੱਜੀ ਕਮੀਜ਼ ਵਿਖਾਈ । ਕੁਝ ਔਰਤਾਂ ਇਹ ਵੇਖ ਕੇ ਬੇਹੋਸ਼ ਹੋ ਗਈਆਂ । ਬਹੁਤ ਸਾਰੇ ਲੋਕ ਕਹਿ ਰਹੇ ਸਨ ਕਿ ਉਹ ਨਾ ਬੋਲੇ ਅਤੇ ਹਸਪਤਾਲ ਜਾਏ ਪਰ ਉਹ ਕਹਿਣ ਲੱਗਾ ਕਿ ਉਹ ਜ਼ਰੂਰ ਬੋਲੇਗਾ ।

ਇਸ ਤਰ੍ਹਾਂ ਰੂਜਵੈਲਟ **1** ਘੰਟਾ **5** ਮਿੰਟ ਬੋਲਦਾ ਰਿਹਾ । ਮੈਂ ਕੁਝ ਨਹੀਂ ਸੁਣਿਆ । ਮੈਂ ਵੇਖ ਰਹੀ ਸਾਂ ਕਿ ਜੇਨ ਐਡਮਜ਼ ਦੀ ਤਸਵੀਰ ਲੋਕਾਂ ਦੇ ਪੈਰਾਂ ਥੱਲ੍ਹੇ ਆ ਰਹੀ ਸੀ । ਮੈਂ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੀ । ਮੈਂ ਉਹਨਾਂ ਤਸਵੀਰਾਂ ਨੂੰ ਚੁੱਕ ਕੇ ਕੁਰਸੀਆਂ ’ਤੇ ਰੱਖਣ ਲੱਗ ਪਈ ।

ਉਸ ਦਿਨ ਸੜਕਾਂ ’ਤੇ ਅਖ਼ਬਾਰਾਂ ਵਾਲੇ ਕਹਿ ਰਹੇ ਸਨ ਕਿ ਇਹ ਬਹੁਤ ਬਹਾਦਰੀ ਵਾਲਾ ਕੰਮ ਹੈ ਜੋ ਇਕ ਸਮਾਜਵਾਦੀ ਨੇ ਕੀਤਾ ਹੈ । ਅਗਲੇ ਦਿਨ ਦੀਆਂ ਅਖ਼ਬਾਰਾਂ ਨੇ ਲਿਖਿਆ ਕਿ ਗੋਲੀ ਮਾਰਨ ਵਾਲਾ ਵਿਅਕਤੀ ਪਾਗਲ ਸੀ ਅਤੇ ਉਹ ਨਿਊਯਾਰਕ ਤੋਂ ਮਿਲਵਾਕੀ ਤਕ, ਰੂਜਵੈਲਟ ਦੇ ਨਾਲ ਹੀ ਗੱਡੀ ’ਤੇ ਆਇਆ ਸੀ ।

ਮੈਂ ਸ਼ਿਕਾਗੋ ਜਾਣਾ ਸੀ ਅਤੇ ਉੱਥੇ ਇਕ ਦਿਨ ਰਹਿਣਾ ਸੀ; ਪਰ ਬਿਲ ਕਹਿ ਰਿਹਾ ਸੀ ਕਿ ਮੈਂ ਸ਼ਿਕਾਗੋ ਇਕ ਹਫ਼ਤਾ ਰਹਾਂ । ਉਸ ਦਿਨ ਉਸ ਨੇ ਜਾਂਦਿਆਂ ਵੈਨ ਲੈ ਲਈ, ਨਹੀਂ ਤੇ ਅਸੀਂ ਪੈਦਲ ਜਾਂਦੇ ਹੁੰਦੇ ਸਾਂ । ਉਸ ਨੇ ਜਾਂਦੇ ਵਕਤ ਮੇਰੇ ਬੁੱਲ੍ਹਾਂ ਨੂੰ ਨਹੀਂ ਸਗੋਂ ਮੇਰੀਆਂ ਗੱਲ੍ਹਾਂ ਨੂੰ ਚੁੰਮਿਆ । ਜਦੋਂ ਮੈਂ ਉਸ ਦਾ ਡਾਕਟਰ ਦਾ ਕਾਰਡ ਵੇਖਿਆ ਤਾਂ ਮੈਂ ਵੇਖਿਆ ਕਿ ਉਸ

’ਤੇ ਟੀ.ਬੀ. ਹੋਣਾ ਲਿਖਿਆ ਹੋਇਆ ਸੀ ਅਤੇ ਇਹੋ ਕਾਰਣ ਸੀ ਕਿ ਉਹ ਚਾਹੁੰਦਾ ਸੀ ਕਿ ਮੈਂ ਉਸ ਤੋਂ ਦੂਰ ਰਹਾਂ ।

ਮੈਂ ਬਿਲ ਨੂੰ ਮੁਸਕੁਰਾਹਟ ਦਿੱਤੀ ਅਤੇ ਉਸ ਨੂੰ ਦੱਸਿਆ ਕਿ ਮੈਂ ਸ਼ਿਕਾਗੋ ਵਿਖੇ ਉੱਥੋਂ ਦੇ ਮਸ਼ਹੂਰ ਡਾਕਟਰ ਸਾਚ ਤੋਂ ਉਸ ਲਈ ਸਮਾਂ ਲਵਾਂਗੀ ਅਤੇ ਸਾਨੂੰ ਉਸ ਹੀ ਸ਼ਾਮ ਦਾ ਸਮਾਂ ਮਿਲ ਗਿਆ । ਡਾਕਟਰ ਨੇ ਵੇਖ ਕੇ ਕਿਹਾ ਕਿ ਉਸ ਨੂੰ ਹੁਣੇ ਹੀ ਇਹ ਬਿਮਾਰੀ ਸ਼ੁਰੂ ਹੋਈ ਹੈ ਅਤੇ ਇਸ ਲਈ ਗੰਭੀਰਤਾ ਨਾਲ ਧਿਆਨ ਰੱਖਣ ਦੀ ਲੋੜ ਹੈ । ਫਿਰ ਡਾਕਟਰ ਨੇ ਦੱਸਿਆ ਕਿ ਚੰਗੀ ਤੋਂ ਚੰਗੀ ਖ਼ੁਰਾਕ ਖਾਉ; ਭਾਵੇਂ ਕਿੰਨੀ ਵੀ ਠੰਢ ਹੋਵੇ, ਬਾਰੀਆਂ ਖੁੱਲ੍ਹੀਆਂ ਰੱਖੋ ਅਤੇ ਤਿੰਨ ਮਹੀਨਿਆਂ ਵਿੱਚ ਇਕ ਵਾਰ ਫਿਰ ਆਉ । ਅਸੀਂ ਇਕ ਢਾਬੇ ’ਤੇ ਜਾ ਕੇ ਬਹੁਤ ਸੁਆਦੀ ਖਾਣੇ ਖਾਧੇ ।


ਤਿੰਨ ਮਹੀਨਿਆਂ ਬਾਅਦ ਅਸੀਂ ਫਿਰ ਡਾਕਟਰ ਕੋਲ ਗਏ ਅਤੇ ਡਾਕਟਰ ਨੇ ਵੇਖ ਕੇ ਦੱਸਿਆ ਕਿ ਬਿਲ ਕਾਫ਼ੀ ਠੀਕ ਹੈ ਅਤੇ ਛੇਤੀ ਠੀਕ ਹੋ ਜਾਵੇਗਾ ਜੇ ਅਸੀਂ ਗਰਮੀਆਂ ਵਿੱਚ ਕਿਸੇ ਪਿੰਡ ਵਿੱਚ ਚਲੇ ਜਾਈਏ । ਇਸ ਲਈ ਅਸੀਂ ਸਸਤੀ ਅਤੇ ਉਸ ਤਰ੍ਹਾਂ ਦੀ ਜਗ੍ਹਾ ਚੁਣ ਰਹੇ ਸਾਂ ਜਿੱਥੇ ਸਾਡਾ ਨਿੱਜੀਪਨ ਬਣਿਆ ਰਹਿ ਸਕੇ । ਬਿਲ ਦੇ ਚਾਚੇ ਦੀ ਇਕ ਝੀਲ ਦੇ ਕੰਢੇ ਇਕ ਜਗ੍ਹਾ ਸੀ । ਅਸੀਂ ਉੱਥੇ ਚਲੇ ਗਏ ਅਤੇ ਇਕ ਤੰਬੂ ਲਾਉਣ ਦੀ ਇਜਾਜ਼ਤ ਲਈ । ਉਸ ਤੰਬੂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਸੀ । ਉਸ ਤੰਬੂ ਦੀਆਂ ਬਾਰੀਆਂ ਵੀ ਸਨ, ਜਿਨ੍ਹਾਂ ਨੂੰ ਬਾਰਸ਼ ਦੇ ਸਮੇਂ ’ਤੇ ਬੰਦ ਕਰ ਲਈਦਾ ਸੀ ।

ਜਦੋਂ ਅਸੀਂ ਪਿੰਡ ਵਿੱਚ ਆ ਕੇ ਰਹਿਣਾ ਸ਼ੁਰੂ ਹੀ ਕੀਤਾ ਸੀ ਤਾਂ ਸ਼ਿਕਾਗੋ ਤੋਂ ਇਕ ਸੁਨੇਹਾ ਆਇਆ ਕਿ ਮੇਰੀ ਮਾਤਾ ਦੀ ਮੌਤ ਹੋ ਗਈ ਹੈ । ਇਹ ਬੜੀ ਅਫ਼ਸੋਸ ਵਾਲੀ ਖ਼ਬਰ ਸੀ । ਮੈਂ ਬਹੁਤ ਉਦਾਸੀ ਦੀ ਹਾਲਤ ਵਿੱਚ ਸਾਂ । ਅਸੀਂ ਪਿੰਡ ਵਿੱਚ ਰਹੇ ਅਤੇ ਫਿਰ ਡਾਕਟਰ ਸਾਚ ਕੋਲ ਆਏ । ਮੈਂ ਚਾਹੁੰਦੀ ਸਾਂ ਕਿ ਮੈਂ ਕੁਝ ਲਿਖਾਂ, ਪਰ ਸਮਾਂ ਹੀ ਨਹੀਂ ਸੀ ਮਿਲਦਾ । ਹੁਣ ਡਾਕਟਰ ਨੇ ਇਹ ਵੀ ਕਹਿ ਦਿੱਤਾ ਸੀ ਕਿ ਉਹ ਠੀਕ ਹੈ ਅਤੇ ਕੰਮ ’ਤੇ ਜਾ ਸਕਦਾ ਹੈ । ਮੈਂ ਵੇਖਿਆ ਡਾ. ਸਾਚ ਇਕ ਹਮਦਰਦ ਡਾਕਟਰ ਸੀ । ਸਾਨੂੰ ਤਾਂ ਉਸ ਡਾਕਟਰ ਨਾਲ ਪਿਆਰ ਜਿਹਾ ਹੋ ਗਿਆ ਸੀ । ਪਰ ਉਸ ਡਾਕਟਰ ਨਾਲ ਕੀ ਹੋਇਆ, ਇਹ ਜੇਨ ਐਡਮਜ਼ ਦੀ “ਹੱਲ ਹਾਊਸ ਵਿੱਚ ਦੂਸਰੇ ਵੀਹ ਸਾਲ” ਵਿੱਚ ਲਿਖਿਆ ਹੋਇਆ ਹੈ । ਉਸ ਨੂੰ ਮਿਊਂਸਪਲ ਸੈਨੇਟੋਰੀਅਮ ਦਾ ਚੇਅਰਮੈਨ ਬਣਾਇਆ ਗਿਆ । ਉਸ ਨੂੰ ਬਿਮਾਰਾਂ ਨੂੰ ਠੀਕ ਕਰਨ ਲਈ ਬਹੁਤ ਭ੍ਰਿਸ਼ਟ ਲੋਕਾਂ ਨਾਲ ਵਿਵਹਾਰ ਕਰਨਾ ਪੈਂਦਾ ਸੀ ਅਤੇ ਇਕ ਦਿਨ

ਅਖ਼ਬਾਰ ਵਿੱਚ ਖ਼ਬਰ ਆਈ ਕਿ ਡਾ. ਸਾਚ ਨੇ ਉੱਥੋਂ ਦੀਆਂ ਹਾਲਤਾਂ ਦੇ ਵਿਰੋਧ ਵਿੱਚ ਖ਼ੁਦਕੁਸ਼ੀ ਕਰ ਲਈ ਹੈ ।

## ਜੰਗ

ਸੰਨ **1914** ਵਿੱਚ ਦੁਨੀਆਂ ਦੀ ਪਹਿਲੀ ਵੱਡੀ ਜੰਗ ਛਿੜ ਪਈ। ਸ਼ੁਰੂ ਵਿੱਚ ਇਹ ਜਰਮਨੀ ਤੇ ਬ੍ਰਿਟੇਨ ਵਿਚਕਾਰ ਸੀ । ਇਸ ਜੰਗ ਨੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ । ਜੰਗ ਦਾ ਵਿਰੋਧ ਵੀ ਹੋਣ ਲੱਗਾ । ਵਿਲੀਅਮ ਲੋਆਇਡ ਗੈਰੀਅਨ ਦੀ ਧੀ ਨੇ ਨਿਊਯਾਰਕ ਵਿੱਚ ਜੰਗ ਦੇ ਵਿਰੋਧ ਵਿੱਚ ਜਲੂਸ ਕੱਢਿਆ । ਦੁਨੀਆਂ ਦੀਆਂ ਅਖ਼ਬਾਰਾਂ ਨੇ ਇਸ ਨੂੰ ਸਲਾਹਿਆ । ਯੂਨੀਵਰਸਿਟੀਆਂ ਦੀ ਆਗਿਆ ਨਾਲ ਬਹੁਤ ਸਾਰੇ ਪ੍ਰੋਫ਼ੈਸਰਾਂ ਨੇ ਸਾਫ਼ ਦਿਲ ਅਤੇ ਉਦਾਸੀ ਭਰੇ ਮਨ ਨਾਲ ਕਿਹਾ ਕਿ ਜੰਗ ਸਮਾਜਿਕ ਤਰੱਕੀ ਵਿੱਚ ਵਿਘਨ ਹੈ, ਇਸ ਕਰਕੇ ਇਨਸਾਨੀ ਤਰੱਕੀ ਦੇ ਸ਼ੁਰੂ ਵਿੱਚ ਸੱਭਿਅਤਾ ਦੇ ਹੱਕ ਵਿੱਚ ਵੱਡਾ ਜਲੂਸ ਨਿਕਲਣਾ ਚਾਹੀਦਾ ਹੈ । ਲੋਕ ਦੋ ਫ਼ਿਰਕਿਆਂ ਵਿੱਚ ਵੰਡੇ ਗਏ ।




ਕੁਝ ਜੰਗ ਦੇ ਹੱਕ ਵਿੱਚ ਸਨ, ਪਰ ਬਹੁਤੇ ਜੰਗ ਦੇ ਵਿਰੁੱਧ ਸਨ । ਜਿਹੜੇ ਪਹਿਲੇ ਯੂਰਪ ਤੋਂ ਉੱਜੜ ਕੇ ਆਏ ਸਨ ਉਹ ਇਸ ਤਕਲੀਫ਼ ਤੋਂ ਜਾਣਕਾਰ ਸਨ ਅਤੇ ਜਿਹੜੇ ਲੋਕਾਈ ਦਾ ਦਰਦ ਸੀਨੇ ਵਿੱਚ ਲਈ ਬੈਠੇ ਸਨ ਤੇ ਉਹਨਾਂ ਲਈ ਕੰਮ ਕਰਦੇ ਸਨ ਉਹ ਜੰਗ ਦਾ ਵਿਰੋਧ ਕਰਦੇ ਸਨ; ਜਿਵੇਂ ਕਿ ਜੇਨ ਐਡਮਜ਼ । ਉਸਨੇ ਕਿਤਾਬ ਹੀ ਲਿਖ ਦਿੱਤੀ ਜਿਸਦਾ ਸਿਰਲੇਖ ਹੈ, **"Peace and bread in the time of war"** "ਜੰਗ ਦੇ ਸਮੇਂ ਵਿੱਚ ਅਮਨ ਅਤੇ ਰੋਟੀ" ਕੁਝ ਅੰਸ਼ ਉਸ ਕਿਤਾਬ ਵਿੱਚੋਂ ਪਾਠਕਾਂ ਨਾਲ ਸਾਂਝੇ ਕਰਨ ਜਾ ਰਹੀ ਹਾਂ ।

ਜੇਨ ਐਡਮਜ਼ ਬਾਰਾਂ ਵੱਡੇ ਕਾਲਜਾਂ ਵਿੱਚ ਲੈਕਚਰ ਦੇਣ ਗਈ । **ਅਮਨ ਸੰਸਾਰ ਵਿੱਚ ਤਾਂ ਹੀ ਰਹਿ ਸਕਦਾ ਹੈ ਜੇ ਇਨਸਾਫ਼ ਹੋਵੇ । ਜੰਗ ਵਿੱਚ ਜ਼ੁਲਮ ਅਤੇ ਜੰਗਲੀਪੁਣਾ ਤਾਂ ਵਧ ਹੀ ਜਾਂਦਾ ਹੈ, ਪਰ ਸਭ ਤੋਂ ਮਾੜੀ ਗੱਲ ਹੈ ਕਿ ਵੱਖਰੇ-ਵੱਖਰੇ ਫ਼ਿਰਕਿਆਂ ਅਤੇ ਦਿਸ਼ਾਵਾਂ ਦੇ ਲੋਕ ਜਿਹੜੇ ਪਹਿਲਾਂ**

ਪਿਆਰ ਅਤੇ ਅਮਨ ਸ਼ਾਂਤੀ ਵਿੱਚ ਰਹਿੰਦੇ ਹੁੰਦੇ ਹਨ ਉਹ ਇਕ ਦਮ ਦੁਸ਼ਮਣ ਬਣ ਜਾਂਦੇ ਹਨ; ਭਾਵੇਂ ਇਹ ਭਾਵਨਾ ਸਾਰਿਆਂ ਵਿੱਚ ਨਹੀਂ ਹੁੰਦੀ । (ਇਸ ਤਰ੍ਹਾਂ ਜਦੋਂ ਭਾਰਤ ਦੀ ਵੰਡ ਹੋਈ ਤਾਂ ਇਤਿਹਾਸ ਦੱਸਦਾ ਹੈ ਕਿ ਹਿੰਦੂ ਸਿੱਖ ਅਤੇ ਮੁਸਲਮਾਨ ਜਿਹੜੇ ਭਰਾਵਾਂ ਵਾਂਗ ਰਹਿੰਦੇ ਸਨ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ)।

ਸਮਾਜ ਸੇਵਕਾਂ ਨੂੰ ਜੰਗ ਦੇ ਹੱਕ ਵਾਲਿਆਂ ਦੀ ਸੋਚ ਬਦਲਣ ਲਈ ਬਹੁਤ ਮਿਹਨਤ ਕਰਨੀ ਪਈ । ਇਕ ਕਿਸਮ ਦੇ ਲੋਕ ਸੋਚ ਰਹੇ ਸਨ ਕਿ ਉਹਨਾਂ ਨੇ ਜੰਗ ਦਾ ਵਿਰੋਧ ਕਰਨਾ ਹੈ ਭਾਵੇਂ ਉਹਨਾਂ ਨੂੰ ਜੇਲ੍ਹ ਜਾਣਾ ਪਏ । ਦੂਜੇ ਤਰ੍ਹਾਂ ਦੇ ਲੋਕ ਉਹ ਸਨ ਜਿਹੜੇ ਰੈੱਡ-ਕਰਾਸ ਵਰਗੀਆਂ ਏਜੰਸੀਆਂ ਰਾਹੀਂ ਜੰਗ ਦਾ ਵਿਰੋਧ ਕਰਦੇ ਸਨ । ਤੀਜੀ ਤਰ੍ਹਾਂ ਦੇ ਲੋਕ ਜਿਹੜੇ ਭਾਵੇਂ ਜੰਗ ਨੂੰ ਬੁਰਾ ਸਮਝਦੇ ਸਨ ਪਰ ਇਹ ਸੋਚਦੇ ਸਨ ਕਿ ਇਹ ਜੰਗ ਨਾਲ ਹੋਰ ਜੰਗਾਂ ਦੀ ਸਮਾਪਤੀ ਹੋ ਜਾਵੇਗੀ । ਚੌਥੀ ਤਰ੍ਹਾਂ ਦੇ ਉਹ ਲੋਕ ਸਨ ਜਿਹੜੇ ਆਪਣੇ ਕੋਈ ਵਿਚਾਰ ਨਹੀਂ ਸਨ ਰੱਖਦੇ ਤੇ ਕਹਿੰਦੇ ਸਨ ਜੇ ਅਮਰੀਕਾ ਵੀ ਜੰਗ ਵਿੱਚ ਸ਼ਾਮਲ ਹੋਇਆ ਤਾਂ ਉਹ ਬਹੁ-ਗਿਣਤੀ ਵੱਲ ਹੋ ਜਾਣਗੇ ।

ਜੇਨ ਐਡਮਜ਼ ਵੱਡੇ-ਵੱਡੇ ਬਾਰਾਂ ਕਾਲਜਾਂ ਵਿੱਚ ਲੈਕਚਰ ਦੇਣ ਗਈ । ਸੁਣਨ ਵਾਲੇ ਨੌਜਵਾਨ ਕਾਫ਼ੀ ਗਿਣਤੀ ਵਿੱਚ ਆਏ ਜਿਹੜੇ ਜੰਗ ਬਾਰੇ ਜਾਣਨ ਲਈ ਉਤਸਕ ਸਨ । ਬੇਸ਼ੱਕ ਬਹੁਤੇ ਵਿਦਿਆਰਥੀ ਅਜਿਹੇ ਸਨ ਜਿਹੜੇ ਸਾਡੇ ਖ਼ਿਆਲਾਂ ਦੇ ਵਿਰੋਧੀ ਸਨ, ਉਹ ਲੈਕਚਰ ਸੁਣਨ ਨਾ ਆਏ । ਇਕ ਬੁੱਢਾ ਪ੍ਰੋਫ਼ੈਸਰ ਉੱਠਿਆ ਜਿਸਨੇ ਜੰਗ ਦੀ ਰਵਾਇਤੀ ਸ਼ਾਨ ਬਾਰੇ ਗੱਲ ਕੀਤੀ; ਪਰ ਬਹੁਤੇ ਨੌਜਵਾਨ ਇਹ ਜਾਣਨ ਦੇ ਇੱਛੁਕ ਸਨ ਕਿ ਉਹ ਕਿਹੜੇ ਅੰਤਰ-ਰਾਸ਼ਟਰੀ ਤਰੀਕੇ ਸਨ ਜਿਹੜੇ ਗੱਲ-ਬਾਤ ਕਰਨ ਵਿੱਚ ਸਹਾਈ ਹੋ ਸਕਦੇ ਸਨ । ਸੰਨ **1914** ਦੇ ਸ਼ੁਰੂ ਵਿੱਚ ਹੀ ਸਮਾਜ ਸੇਵਕਾ ਹੈਨਰੀ ਸਟਰੀਟ ਸੈਟਲਮੈਂਟ, ਨਿਊਯਾਰਕ ਵਿੱਚ ਜੰਗ ਪ੍ਰਤੀ ਲੋਕਾਂ ਦਾ ਰਵੱਈਆ ਅਮਨ ਵਾਲਾ ਬਣਾਉਣਾ ਚਾਹੁੰਦੇ ਸਨ, ਕਿਉਂਕਿ ਉਹਨਾਂ ਨੇ ਗ਼ਰੀਬੀ ਖ਼ਤਮ ਕਰਨ ਲਈ ਅਥਾਹ ਕੋਸ਼ਿਸ਼ਾਂ ਕੀਤੀਆਂ ਸਨ । ਉਹਨਾਂ ਨੂੰ ਇਹ ਯਕੀਨ ਸੀ ਕਿ ਦੇਸ਼ ਦੀਆਂ ਹੱਦਾਂ ਤੋਂ ਪਾਰ ਵੀ ਸਾਰੇ ਲੋਕਾਂ ਦੇ ਸਹਾਇਤਾ ਅਤੇ ਮਿਲਵਰਤਨ ਤੋਂ ਬਿਨਾਂ ਇਨਸਾਨੀ ਜ਼ਿੰਦਗੀਆਂ ਨੂੰ ਬਚਾਇਆ ਅਤੇ ਪਾਲਿਆ ਨਹੀਂ ਜਾ ਸਕਦਾ । ਸੋ, ਹੈਨਰੀ ਸਟਰੀਟ ਸੈਟਲਮੈਂਟ ਜੱਥੇਬੰਦੀ ਦੇ ਨੁਮਾਇੰਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਰਹਿੰਦੇ ਸਨ ਅਤੇ ਦਿਸ਼ਾ ਵਿੱਚ ਕੰਮ ਕਰ ਰਹੇ ਸਨ । ਯੂਰਪ ਦੀ ਜੰਗ ਨੇ, ਯੂਰਪ ਤੋਂ ਅਮਰੀਕਾ ਵਿੱਚ ਆਏ ਨਿਵਾਸੀ ਗੁਆਂਢੀਆਂ ਨੂੰ ਆਪਸ ਵਿੱਚ ਵੰਡ ਕੇ ਰੱਖ ਦਿੱਤਾ । ਸਾਰੇ ਸਮਾਜ-ਸੇਵਕਾਂ ਦੀ ਮਿਹਨਤ

ਸਦਕਾ 'ਦੀ ਸਰਵੇ' ਦੇ ਸੰਪਾਦਕ ਨੇ ਲੇਖ ਲਿਖਿਆ ਜਿਸਦੇ ਸਿਰਲੇਖ ਸੀ **"Tow and the peace that shall last."** ਬੜੀਆਂ ਜੱਥੇਬੰਦੀਆਂ ਇਸ ਕੰਮ ਵਿੱਚ ਲੱਗ ਗਈਆਂ । **Miss Wald, Union Against Militarism** ਦੀ ਪਹਿਲੀ ਪ੍ਰਧਾਨ ਬਣੀ ਅਤੇ ਜੇਨ ਐਡਮਜ਼ **Women's Peace Party** ਦੀ ਪ੍ਰਧਾਨ ਬਣੀ । ਜੇਨ ਐਡਮਜ਼ ਦੀ ਮਿਹਨਤ ਸਦਕਾ **Women's Peace Party** ਨੇ ਬੜੀ ਤਰੱਕੀ ਕੀਤੀ । ਇਸਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਬਣ ਗਈਆਂ ਅਤੇ ਹੋਰ ਜੱਥੇਬੰਦੀਆਂ ਵੀ ਇਸ ਨਾਲ ਸਹਿਯੋਗ ਕਰਨ ਲੱਗੀਆਂ; ਜਿਵੇਂ ਕਿ :

**1. "The League of Democratic Control in England."**

**2. "The Central Organisation for a Double Peace, was found in Holland."**

**3. "Association for the Promotion of International Friendship Among the Churches, was in American Branch."**

ਇਹਨਾਂ ਸਾਰਿਆਂ ਨੇ ਰਲ ਕੇ ਜੰਗ ਦੇ ਵਿਰੋਧ ਵਿੱਚ ਵੱਖਰੇ-ਵੱਖਰੇ ਤਰੀਕੇ ਅਪਣਾਏ; ਕਾਰਟੂਨ ਤਿਆਰ ਕੀਤੇ, ਕਵਿਤਾ ਲਿਖੀ ਗਈ ਜਿਹੜੀ ਕਿ ਚੰਗੀ ਆਵਾਜ਼ ਵਿੱਚ ਰਿਕਾਰਡ ਕਰਕੇ ਬਹੁਤ ਥਾਵਾਂ 'ਤੇ ਗਾਈ ਗਈ, ਨਾਟਕ ਖੇਡੇ ਗਏ । ਬਹੁਤ ਸਾਰੀਆਂ ਬਹਾਦਰ ਔਰਤਾਂ ਨੇ **Women's Peace Party** ਦਾ ਸਾਥ ਦਿੱਤਾ । ਸੰਨ **1915** ਵਿੱਚ ਯੂਰਪ ਵਿੱਚ ਬਣੀ



‘**International Congress of Women** ਨੇ **Women’s Peace Party** ਦੀਆਂ ਔਰਤਾਂ ਨੂੰ ਸੱਦਾ ਦਿੱਤਾ । **47** ਔਰਤਾਂ ਆਪਣੇ ਖ਼ਰਚੇ ’ਤੇ ਹਾਲੈਂਡ ਵੱਲ ਨੂੰ ਤੁਰ ਪਈਆਂ; ਪਰ **International Congress of Women** ਦੇ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਇਹ ਕਹਿ ਕੇ ਤਿੱਖਾ ਵਿਰੋਧ ਸ਼ੁਰੂ ਹੋ ਗਿਆ ਕਿ ਇਸ ਤਰ੍ਹਾਂ ਮਿਲਟਰੀ ਵਾਲਿਆਂ ਦੇ ਉਤਸ਼ਾਹ ਵਿੱਚ ਗਿਰਾਵਟ ਆ ਜਾਏਗੀ । ਪਰ ਬਹੁਤ ਮਿਹਨਤ ਕਰਨ ’ਤੇ ਸਾਨੂੰ ਉੱਥੇ ਜਹਾਜ਼ ਤੋਂ ਉਤਰਨ ਦਿੱਤਾ । ਦੋ ਤਿੰਨ ਔਰਤਾਂ ਵੀ ਉੱਥੇ ਪਹੁੰਚਣ ਵਿੱਚ ਸਫਲ ਹੋਈਆਂ । ਉਸ ਤੋਂ ਬਾਅਦ ਬੰਦਰਗਾਹ ਹੀ ਬੰਦ ਕਰ ਦਿੱਤੀ । ਹੋਰ ਦੇਸ਼ਾਂ ਦੇ ਲੋਕ ਪਹੁੰਚ ਨਹੀਂ ਸਕੇ । ਪਰ ਫਿਰ ਵੀ ਬਾਰਾਂ ਦੇਸ਼ਾਂ ਤੋਂ ਲੋਕ ਪਹੁੰਚ ਗਏ । ਇਹ ਸਾਰੇ ਔਰਤਾਂ ਲਈ ਵੋਟ ਦੇਣ ਦੇ ਹੱਕ ਵਾਲੇ ਸਨ ਜਿਹੜੇ ਕਿ ਗੱਲਬਾਤ ਰਾਹੀਂ ਅੰਤਰ-ਰਾਸ਼ਟਰੀ ਝਗੜੇ ਨਿਬੇੜਨ ਦੇ ਹੱਕ ਵਿੱਚ ਸਨ । ਜੰਗ ਦੇ ਕਾਰਨ ਬਾਰੇ ਵਿਚਾਰਾਂ ’ਤੇ ਪਾਬੰਦੀ ਲਾ ਦਿੱਤੀ ਗਈ ਸੀ, ਪਰ ਸ਼ਾਂਤੀ ਅਤੇ ਭਵਿੱਖ ਵਿੱਚ ਜੰਗਾਂ ਨਾ ਹੋਣ ਬਾਰੇ ਬੜੀ ਸਿਆਣਪ ਨਾਲ ਚਰਚਾ ਕੀਤੀ ਗਈ । ਪਹਿਲੇ ਦਿਨ ਗੈਲਰੀ ਪੁਲਿਸ ਵਾਲਿਆਂ ਨਾਲ ਭਰੀ ਹੋਈ ਸੀ, ਪਰ ਬਾਅਦ ਵਿੱਚ ਪੁਲਿਸ਼ ਹਟਾ ਲਈ ਗਈ ।

ਇਹਨਾਂ ਦਿਨਾਂ ਵਿੱਚ ਬੜੀ ਦਿਲਚਸਪ ਘਟਨਾ ਵਾਪਰੀ, “ਇਸ ਸੈਸ਼ਨ ਵਿੱਚ ਦੋ ਬੈਲਜੀਅਮ ਤੋਂ ਆਏ ਪ੍ਰਤੀਨਿਧੀਆਂ ਨੇ ਜਰਮਨੀ ਤੋਂ ਆਏ ਪ੍ਰਤੀਨਿਧੀਆਂ ਨਾਲ ਹੱਥ ਮਿਲਾਏ ਅਤੇ ਕੋਲ-ਕੋਲ ਬੈਠ ਗਏ ਅਤੇ ਇਹ ਸਪੱਸ਼ਟ ਕੀਤਾ ਕਿ ਉਹ ਦੇਸ਼ ਭਗਤੀ ਨਾਲੋਂ ਇਨਸਾਨੀ ਹਮਦਰਦੀ ਵਿੱਚ ਵਿਸ਼ਵਾਸ ਰੱਖਦੇ ਹਨ । ਜਿਹੜੇ ਦੇਸ਼ ਜੰਗ ਦੇ ਹੱਕ ਵਿੱਚ ਸਨ ਉਹਨਾਂ ਦੇਸ਼ਾਂ ਤੋਂ ਵੀ ਔਰਤਾਂ ਆਪਣਾ ਘਰ ਛੱਡ ਕੇ ਅਤੇ ਮਜ਼ਾਕ ਦਾ ਪਾਤਰ ਬਣ ਕੇ ਵੀ ਕਾਂਗਰਸ ਦੇ ਸੈਸ਼ਨ ਵਿੱਚ ਭਾਗ ਲੈਣ ਆਈਆਂ । ਉਹ ਬਹੁਤ ਬਹਾਦਰ ਸਨ। ਤਿੰਨ ਦਿਨਾਂ ਦੇ ਵਿਚਾਰਾਂ ਤੋਂ ਬਾਅਦ ਸਿੱਟਾ ਇਹ ਨਿਕਲਿਆ ਕਿ ਇਕ ਨਵੀਂ ਕਮੇਟੀ ਦੀ ਸਥਾਪਨਾ ਹੋਈ, ਜਿਸਦਾ ਨਾਮ, “**Women’s International Committe for Permanent Peace**” ਰੱਖਿਆ ਗਿਆ ਅਤੇ ਇਸਦਾ ਦਫ਼ਤਰ ਐਮਸਟਰਡਮ (**Amsterdam**) ਵਿੱਚ ਬਣਿਆ।”

ਜੇਨ ਐਡਮਜ਼ ਹੁਣ ਸਾਰੇ ਸੰਸਾਰ ਦੀ ਸ਼ਹਿਰੀ ਸੀ । ਇਹ ਵੀ ਅਜੀਬ ਗੱਲ ਸੀ ਕਿ ਸਾਰੀ ਦੁਨੀਆਂ ਦੇ ਸਭ ਦੇਸ਼ਾਂ ਦੀਆਂ ਔਰਤਾਂ ਅਮਨ ਮੰਗਦੀਆਂ ਸਨ, ਜਦੋਂ ਕਿ ਉਹਨਾਂ ਦੇ ਮਰਦ ਸਰਹੱਦਾਂ ’ਤੇ ਲੜਦੇ ਸਨ । **1915** ਵਿੱਚ ਜੇਨ ਐਡਮਜ਼ ਨੇ ਅਮਨ ਬਣਾਉਣ ਲਈ ਇਕ ਮੀਟਿੰਗ ਕੀਤੀ

ਜਿਹੜੀ ਬਾਅਦ ਵਿੱਚ ਹੁਣ ਵਾਲੀ ਅਮਨ ਅਤੇ ਸੁਤੰਤਰਤਾ ਲਈ ਔਰਤਾਂ ਦੀ ਅੰਤਰ-ਰਾਸ਼ਟਰੀ ਲੀਗ ਵੱਲੋਂ ਪ੍ਰਸਿੱਧ ਹੈ । ਇਸ ਦਾ ਅਧਾਰ ਇਹ ਹੈ ਕਿ ਸੁਤੰਤਰਤਾ ਬਗੈਰ ਅਮਨ ਨਹੀਂ ਹੋ ਸਕਦਾ । ਹਰ ਇਕ ਨੂੰ ਕਿਹਾ ਜਾਂਦਾ ਰਿਹਾ ਸੀ ਕਿ ਜੰਗ ਬਾਰੇ ਹਰ ਕੋਈ ਨਿਰਪੱਖ ਹੋ ਕੇ ਸੋਚੇ ਅਤੇ ਕੋਈ ਵੀ ਗ਼ਲਤ ਗੱਲ ਨਾ ਕਰੇ । ਪਰ ਮਿਲਵਾਕੀ ਜਿੱਥੇ ਜ਼ਿਆਦਾ ਜਰਮਨੀ ਦੇ ਲੋਕ ਰਹਿੰਦੇ ਸਨ ਉਹ ਨਿਰਪੱਖ ਨਾ ਰਹੇ। ਅਮਰੀਕਾ ਦੇ ਬੈਂਕਾਂ ਨੂੰ ਉੱਥੋਂ ਦੇ ਵਿਦੇਸ਼ ਮੰਤਰੀ ਵਿਲਅਮ ਜੈਨਿੰਗ ਬਰਾਈਨ ਵੱਲੋਂ ਕਿਹਾ ਗਿਆ ਕਿ ਉਹ ਉਹਨਾਂ ਦੇਸ਼ਾਂ ਨੂੰ ਕਰਜ਼ਾ ਨਾ ਦੇਣ ਜਿਹੜੇ ਲੜਾਈ ਵਿੱਚ ਸ਼ਾਮਲ ਹਨ, ਕਿਉਂ ਜੋ ਅਮਰੀਕਾ ਨਿਰਪੱਖ ਰਹਿਣਾ ਚਾਹੁੰਦਾ ਸੀ, ਪਰ ਬਰਾਈਨ ਨੂੰ ਛੇਤੀ ਹੀ ਇਸ ਅਹੁਦੇ ਤੋਂ ਹਟਾ ਦਿੱਤਾ ਗਿਆ ।

ਫਿਰ ਅਮਰੀਕਾ ਦੀ ਕਾਂਗਰਸ ਵਿੱਚ ਇਹ ਬਹਿਸ ਹੋਈ ਕਿ ਕੀ ਅਮਰੀਕਾ ਜੰਗ ਵਿੱਚ ਸ਼ਾਮਲ ਹੋਵੇ ਕਿ ਨਾ । ਕੁਝ ਲੋਕਾਂ ਨੇ ਜੰਗ ਦੇ ਖ਼ਿਲਾਫ਼ ਵੋਟ ਦਿੱਤੀ, ਪਰ ਫਿਰ ਵੀ ਅਪ੍ਰੈਲ 1917 ਨੂੰ ਅਮਰੀਕਾ ਜੰਗ ਵਿੱਚ ਸ਼ਾਮਲ ਹੋ ਗਿਆ । ਹੁਣ ਜਰਮਨੀ ਦੇ ਲੋਕਾਂ ਵਾਸਤੇ ਨਫ਼ਰਤ ਵਧਦੀ ਜਾਂਦੀ ਸੀ । ਇਕ ਦਿਨ ਇਕ ਪਾਰਟੀ ’ਤੇ ਇਕ ਔਰਤ ਨੇ ਭੋਲੇਪਨ ਵਿੱਚ ਇਹ ਕਹਿ ਦਿੱਤਾ ਕਿ ਤੁਸੀਂ ਮਸ਼ਹੂਰ ਜਰਮਨ ਸੰਗੀਤਕਾਰ ਦਾ ਗੀਤ ਸੁਣੋਗੇ? ਤਾਂ ਕਾਫ਼ੀ ਔਰਤਾਂ ਨੇ ਕਿਹਾ ਕਿ ਜਿਹੜਾ ਜਰਮਨ ਸੰਗੀਤਕਾਰ ਦਾ ਗਾਣਾ ਸੁਣਨ ਜਾਵੇਗਾ ਉਹ ਦੇਸ਼-ਧ੍ਰੋਹੀ ਹੋਵੇਗਾ । ਜੰਗ ਦੇ ਦੌਰਾਨ ਜਰਮਨ ਥਿਏਟਰ ਬੰਦ ਹੋ ਗਿਆ ਸੀ । ਜਰਮਨਾਂ ਦੇ ਪ੍ਰੋਗਰਾਮ ਨੂੰ ਵੇਖਣ ਵਾਲਿਆਂ ਨੂੰ ਦੇਸ਼-ਧ੍ਰੋਹੀ ਸਮਝਿਆ ਜਾਂਦਾ ਸੀ । ਜਰਮਨ ਕਲੱਬ ਦਾ ਨਾਂ ਬਦਲ ਕੇ ਵਿਸਕੋਨਸਿਨ ਕਲੱਬ ਰੱਖ ਦਿੱਤਾ ਗਿਆ। ਹੋਰ ਜਰਮਨ ਨਾਂ ਵੀ ਬਦਲ ਦਿੱਤੇ ਗਏ । ਅਮਰੀਕਾ ਦੇ ਜੰਗ ਵਿੱਚ ਸ਼ਾਮਲ ਹੋਣ ਕਰਕੇ ਕਈ ਅਵਾਜ਼ਾਂ ਉੱਠੀਆਂ । 15 ਜੂਨ 1917 ਨੂੰ ਕਾਂਗਰਸ ਨੇ ਇਕ ਕਾਨੂੰਨ ਪਾਸ ਕੀਤਾ ਕਿ ਜੰਗ ਦੇ ਖ਼ਿਲਾਫ਼ ਬੋਲਣਾ ਗ਼ੈਰ-ਕਾਨੂੰਨੀ ਹੋਵੇਗਾ । ਜੁਲਾਈ 1918 ਤਕ ਹਜ਼ਾਰਾਂ ਵਿਅਕਤੀ ਗ੍ਰਿਫ਼ਤਾਰ ਹੋਏ, ਜਿਨ੍ਹਾਂ ਨੂੰ ਜੰਗ ਦੇ ਖ਼ਿਲਾਫ਼ ਕਰਵਾਈਆਂ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ।

ਜਨਤਕ ਤੌਰ ’ਤੇ ਮਿਸ ਐਡਮਜ਼ ਵੱਲੋਂ ਮੀਡੀਆ ਵਿੱਚ ਅਮਰੀਕਾ ਦੇ ਜੰਗ ਵਿੱਚ ਕੁੱਦਣ ਦੇ ਖ਼ਿਲਾਫ਼ ਬੋਲਣ ’ਤੇ ਭਾਰੀ ਵਿਰੋਧ ਦਾ ਹਮਲਾ ਹੋਇਆ ਅਤੇ ਉਸਨੂੰ **(Daughters of America)** ਅਮਰੀਕਾ ਦੀਆਂ ਧੀਆਂ ਜੱਥੇਬੰਦੀ ਵਿੱਚੋਂ ਕੱਢ ਦਿੱਤਾ ਗਿਆ; ਪਰ ਉਸਨੇ ਹੋਰ ਰਸਤਾ ਲੱਭ ਲਿਆ । ਉਸਨੇ ਹਰਬਰਟ ਹੂਵਰ ਨਾਲ ਮਿਲ ਕੇ ਦੁਸ਼ਮਣ ਕੌਮਾਂ ਦੇ ਬੱਚਿਆਂ ਅਤੇ

ਔਰਤਾਂ ਨੂੰ ਖ਼ੁਰਾਕ ਅਤੇ ਹੋਰ ਸਮਾਨ ਪਹੁੰਚਾਉਣ ਵਿੱਚ ਕੰਮ ਕੀਤਾ । ਇਹ ਕਹਾਣੀ ਉਸਨੇ ਆਪਣੀ ਕਿਤਾਬ **ਪੀਸ ਐਂਡ ਬਰੈਡ ਇਨ ਟਾਈਮ ਆਫ਼ ਵਾਰ (Peace & Bread in Time of War)** ਵਿੱਚ ਲਿਖੀ ।

ਇਕ ਵਿਅਕਤੀ ਵਿਕਟਰ ਡੇਬਜ ਜੰਗ ਦੇ ਬਹੁਤ ਖ਼ਿਲਾਫ਼ ਸੀ । ਉਸ ਨੇ ਕਿਹਾ ਕਿ ਅਮਰੀਕਾ ਦੇ ਲੋਕਾਂ ਦੀ ਸਲਾਹ ਤੋਂ ਬਗੈਰ ਜੰਗ ਦੀ ਘੋਸ਼ਣਾ ਹੋਈ ਹੈ; ਇਸ ਕਰਕੇ ਉਸ ਨੂੰ 18 ਸਾਲ ਦੀ ਸਜ਼ਾ ਹੋਈ ।


ਹਿਲਡਾ ਕਹਿੰਦੀ ਹੈ ਕਿ ਮੈਂ ਸੋਚਦੀ ਸਾਂ ਹੁਣ ਮੈਨੂੰ ਵੀ ਜੇਨ ਐਡਮਜ਼ ਦੀ ਤਰ੍ਹਾਂ ਅਮਨ ਕੋਸ਼ਿਸ਼ਾਂ ਵਿੱਚ ਲੱਗ ਜਾਣਾ ਚਾਹੀਦਾ ਹੈ । ਮੈਂ ਆਪਣੇ ਕਈ ਦੋਸਤਾਂ ਨੂੰ ਜੰਗ ਦੀ ਅਲੋਚਨਾ ਕਰਨ ਕਰਕੇ ਜੇਲ੍ਹ ਜਾਂਦਿਆਂ ਵੇਖਿਆ ਸੀ । ਮੈਂ ਵੇਖਿਆ ਕਿ ਬਹੁਤ ਲੋਕ ਜੰਗ ਦੀ ਵਿਰੋਧਤਾ ਕਰਦੇ ਸਨ । ਥੋਰੋ ਸਰਕਾਰ ਵੱਲੋਂ ਕੀਤੀ ਬੇਇਨਸਾਫ਼ੀ ਦੀ ਗੱਲ ਕਰਦਾ ਸੀ । ਇਸ ਲਈ ਉਸਨੂੰ ਜੇਲ੍ਹ ਹੋ ਗਈ । ਉਸਦਾ ਇਕ ਮਿੱਤਰ ਉਸਨੂੰ ਮਿਲਣ ਗਿਆ । ਉਸਨੇ ਪੁੱਛਿਆ, ਥੋਰੋ ਤੂੰ ਜੇਲ੍ਹ ਵਿੱਚ ਕਿਉਂ ਹੈਂ? ਉਸਨੇ ਉੱਤਰ ਦਿੱਤਾ ਮੈਨੂੰ ਹੈਰਾਨੀ ਹੈ ਕਿ ਤੂੰ ਜੇਲ੍ਹ ਤੋਂ ਬਾਹਰ ਕਿਉਂ ਹੈਂ? ਥੋਰੋ ਨੇ ਆਖਿਆ, "ਸਰਕਾਰ ਦੇ ਅਧੀਨ ਜਿਹੜੇ ਲੋਕ ਬੇਇਨਸਾਫ਼ੀ ਰੋਕਣ ਦੀ ਗੱਲ ਕਰਦੇ ਹਨ, ਉਹਨਾਂ ਨੂੰ ਜੇਲ੍ਹ ਭੇਜਿਆ ਜਾਂਦਾ ਹੈ, ਠੀਕ ਵਿਅਕਤੀ ਦੀ ਅਸਲੀ ਜਗ੍ਹਾ ਹੀ ਜੇਲ੍ਹ ਵਿੱਚ ਹੈ ।" ਹਿਲਡਾ ਨੂੰ ਥੋਰੋ ਦੀ ਇਹ ਕਹੀ ਗੱਲ ਬਹੁਤ ਚੰਗੀ ਲੱਗੀ ।

**ਅਖ਼ੀਰਲੇ ਸੈਸ਼ਨ ਵਿੱਚ ਇਹ ਮਤਾ ਪਾਸ ਹੋਇਆ ਕਿ ਕਾਨਫ਼ਰੰਸ ਆਫ਼ ਨਿਊਟਰਲਜ਼ ਦੇਸ਼ਾਂ ਵਿੱਚੋਂ ਪ੍ਰਤੀਨਿੱਧ ਔਰਤਾਂ ਜੰਗ ਦੇ ਹੱਕ ਵਾਲੇ ਦੇਸ਼ਾਂ ਦੇ ਪਰੀਮੀਅਰ ਅਤੇ ਵਿਦੇਸ਼ੀ ਮਾਮਲਿਆਂ ਦੇ ਵਜ਼ੀਰਾਂ ਨੂੰ ਮਿਲਣ । ਜੰਗ ਦੇ ਹੱਕ ਵਾਲੇ ਦੇਸ਼ਾਂ ਵਿੱਚੋਂ ਵੀ ਔਰਤਾਂ ਪ੍ਰਤੀਨਿੱਧ ਨਿਊਟਰਲਜ਼ ਕੌਮਾਂ ਦੇ ਅਫ਼ਸਰਾਂ ਅਤੇ ਵਜ਼ੀਰਾਂ ਨੂੰ ਮਿਲਣ ਦੇ ਨਤੀਜੇ ਵਜੋਂ ਮਈ, ਜੂਨ ੧੯੧੫ ਵਿੱਚ ਪ੍ਰਤੀਨਿਧ ਔਰਤਾਂ ੧੪ ਦੇਸ਼ਾਂ ਵਿੱਚ ਗਈਆਂ । ਆਪਸੀ ਵਿਚਾਰ-ਵਟਾਂਦਰਾ ਦਾ ਸਿੱਟਾ ਇਹ ਨਿਕਲਿਆ ਕਿ ਫ਼ਰਾਂਸ ਦੇਸ਼ ਨੂੰ ਛੱਡ ਕੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਅਫ਼ਸਰ ਜਿਹੜੇ ਜੰਗ ਲਈ ਜ਼ਿੰਮੇਵਾਰ ਸਨ ਨੇ ਕਿਹਾ ਕਿ ਉਹਨਾਂ ਦੇ ਦੇਸ਼ ਜਲਦੀ ਹੀ ਜੰਗ ਖ਼ਤਮ ਕਰਨ ਲਈ ਤਿਆਰ ਹਨ ਜੇ ਕੋਈ ਸ਼ਾਂਤੀ ਲਈ ਸਨਮਾਨ ਯੋਗ ਹੱਲ ਲੱਭਿਆ ਜਾਵੇ ਅਤੇ ਉਹ ਜੰਗ ਜਾਰੀ ਰੱਖਣ ਦੇ ਹੱਕ ਵਿੱਚ ਨਹੀਂ ਸਨ, ਕਿਉਂਕਿ ਉਹ ਅਨੁਭਵ ਕਰ ਰਹੇ ਸਨ ਕਿ ਜੇ ਜੰਗ ਜਾਰੀ ਰਹੀ ਤਾਂ ਯੂਰਪ ਦੇ ਦੇਸ਼ ਆਰਥਿਕ ਦੀਵਾਲੀਏ ਵੱਲ ਵਧ ਰਹੇ ਸਨ ਅਤੇ ਸਾਰੇ ਹੀ ਦੇਸ਼ ਦੇ ਬਹਾਦਰ ਅਤੇ ਨੌਜਵਾਨਾਂ ਦੇ ਘਾਟੇ ਨੂੰ ਮਹਿਸੂਸ ਕਰ**

**ਰਹੇ ਸਨ । ਦੋ ਆਦਮੀ ਜਿਹਨਾਂ ਦੇ ਮੁੰਡੇ ਮਾਰੇ ਗਏ ਸਨ ਆਪਣੇ ਹਾਵ-ਭਾਵ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ । ਇਸ ਤਰ੍ਹਾਂ ਅਮਨ ਵੱਲ ਵਧਣ ਦੀ ਤਿਆਰੀ ਹੋ ਰਹੀ ਸੀ ।**

**ਇਸ ਤੋਂ ਅੱਗੇ ਹਿਲਡਾ ਵੱਲੋਂ ਲਿਖਿਆ ਸ਼ਾਮਲ ਹੈ :**

ਇਹ ਜੰਗ ਲੋਕਾਂ ’ਤੇ ਠੋਸੀ ਗਈ ਸੀ । ਅਸਲ ਵਿੱਚ ਸਰਕਾਰ ਨੂੰ ਚੁਣਨ ਵਾਲਿਆਂ ਨੇ ਸਰਕਾਰ ਦੀ ਠੀਕ ਚੋਣ ਨਹੀਂ ਸੀ ਕੀਤੀ । ਹਿਲਡਾ ਸੋਚਦੀ ਸੀ ਕਿ ਹੁਣ ਉਹਨਾਂ ਸਾਰੇ ਅਲੋਚਕਾਂ ਨੂੰ ਜੇਲ੍ਹ ਵਿੱਚੋਂ ਕੱਢਣਾ ਚਾਹੀਦਾ ਹੈ ਜਿਹੜੇ ਜੰਗ ਦੀ ਵਿਰੋਧਤਾ ਕਰਦੇ ਸਨ । ਜੇਨ ਐਡਮਜ਼ ਕਹਿੰਦੀ ਹੁੰਦੀ ਸੀ ਕਿ ਦੁਨੀਆਂ ਦੀ ਸਭ ਤੋਂ ਵੱਡੀ ਲੋੜ, ਅਮਨ ਹੈ ।




ਮਿਸ ਜੇਨ ਐਡਮਜ਼ ਦੁਨੀਆਂ ਨੂੰ ਜੰਗ ਤੋਂ ਛੁਟਕਾਰਾ ਦਿਵਾਉਣਾ ਚਾਹੁੰਦੀ ਸੀ । ਇਸ ਕਰਕੇ ਉਸਨੇ ਸੰਨ **1906** ਵਿੱਚ ਵਿਸਕੋਨਸਿਨ ਯੂਨੀਵਰਸਿਟੀ ਵਿੱਚ ਕਈ ਲੈਕਚਰ ਦਿੱਤੇ । ਜਿਸ ਦੇ ਆਧਾਰ ’ਤੇ ਉਸਨੇ ਇਕ ਕਿਤਾਬ ਵੀ ਲਿਖੀ । ਜਿਸਦਾ ਨਾਮ ਉਸਨੇ **(Newer Ideals of Peace)** ਨਿਊਰ ਆਈਡਿਲਜ਼ ਆਫ਼ ਪੀਸ ਰੱਖਿਆ । ਹੋਰ ਵੀ ਬਹੁਤ ਥਾਵਾਂ ’ਤੇ ਸ਼ਾਂਤੀ ਦੀ ਗੱਲ ਕੀਤੀ ।

## ਅਮਨ

ਜੰਗ ਤੋਂ ਬਾਅਦ ਅਮਨ ਦੀਆਂ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ । ਕਈ ਡਰਾਮੇ ਲਿਖੇ ਗਏ । ਇਕ ਡਰਾਮਾ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਜੇ ਆਦਮੀ ਲੜਾਈ ਬਾਰੇ ਸੋਚਣਾ ਬੰਦ ਨਾ ਕਰਨ ਤਾਂ ਔਰਤਾਂ ਬੱਚੇ ਜੰਮਣ ਤੋਂ ਇਨਕਾਰ ਕਰ ਦੇਣ । ਮੈਂ ਅਤੇ ਮੇਰੇ ਕੁਝ ਸਾਥੀਆਂ ਨੇ ਇਕ ਅਮਨ ਸੰਗਠਨ ਬਣਾਇਆ । ਇਸ ਸੰਗਠਨ ਦੀ ਇਕ ਲੜਕੀ ਨੇ ਸਭ ਤੋਂ

ਪਹਿਲਾਂ ਇਹ ਕਿਹਾ ਕਿ ਔਰਤਾਂ ਬੱਚੇ ਨਾ ਜੰਮਣਾ ਸ਼ੁਰੂ ਕਰਨ । ਅਗਲੇ ਦਿਨ ਅਖ਼ਬਾਰਾਂ ਵਿੱਚ ਇਹ ਖ਼ਬਰ ਆਈ ਕਿ ਔਰਤਾਂ ਨੇ ਬੱਚੇ ਜੰਮਣ ਤੋਂ ਇਨਕਾਰ ਕੀਤਾ ਹੈ । ਇਹ ਇਕ ਵਿਵਾਦਿਤ ਖ਼ਬਰ ਸੀ । ਇਕ ਦਿਨ ਅਸੀਂ ਲਾਇਬ੍ਰੇਰੀ ਵਿੱਚ ਮੀਟਿੰਗ ਕਰ ਰਹੀਆਂ ਸਾਂ । ਲਾਇਬ੍ਰੇਰੀ ਦਾ ਮੁਖੀ ਸਾਡੇ ਕੋਲ ਆਇਆ ਅਤੇ ਸਾਨੂੰ ਲਾਇਬ੍ਰੇਰੀ ਵਿੱਚੋਂ ਬਾਹਰ ਜਾਣ ਲਈ ਕਿਹਾ, ਪਰ ਅਸੀਂ ਉਸ ਨੂੰ ਯਕੀਨ ਦਿਵਾਇਆ ਕਿ ਸਾਡਾ ਇਸ ਤਰ੍ਹਾਂ ਦਾ ਕੋਈ ਇਰਾਦਾ ਨਹੀਂ ।

ਸਾਡੇ ਬਾਰੇ ਇਸ ਪ੍ਰਚਾਰ ਨੂੰ ਠੀਕ ਨਹੀਂ ਸੀ ਸਮਝਿਆ ਜਾਂਦਾ ਅਤੇ ਅਸੀਂ ਸੋਚਿਆ ਕਿ ਸਾਨੂੰ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕਰਨਾ ਚਾਹੀਦਾ ਹੈ । ਇਸ ਲਈ ਅਸਾਂ ਵਿਚਾਰ ਬਣਾਇਆ ਕਿ ਆਪਣੇ ਸੰਗਠਨ ਨੂੰ ਅਮਨ ਲਈ ਔਰਤਾਂ ਦੀ ਅੰਤਰ-ਰਾਸ਼ਟਰੀ ਲੀਗ ਨਾਲ ਸੰਬੰਧਿਤ ਕੀਤਾ ਜਾਵੇ, ਕਿਉਂ ਜੋ ਅੰਤਰ-ਰਾਸ਼ਟਰੀ ਅਮਨ ਤੋਂ ਬਗੈਰ ਕੋਈ ਗੱਲ ਨਹੀਂ ਬਣ ਸਕਦੀ । ਉਸ ਵੇਲੇ ਸਾਡੇ ਸੰਗਠਨ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਇਸ ਲਈ ਅਸਾਂ ਸੰਘਰਸ਼ ਕਰਨਾ ਸ਼ੁਰੂ ਕੀਤਾ ।

ਅਸਾਂ ਸ੍ਰੀਮਤੀ ਜੇਨ ਐਡਮਜ਼ ਨੂੰ ਮਿਲਵਾਕੀ ਵਿਖੇ ਬੁਲਾਇਆ ਅਤੇ ਉਸ ਨੇ ਆ ਕੇ ਸਾਨੂੰ ਵੱਡਾ ਉਤਸ਼ਾਹ ਦਿੱਤਾ । ਬਾਅਦ ਵਿੱਚ ਜਿਹੜੀਆਂ ਖ਼ਬਰਾਂ ਆਈਆਂ, ਉਨ੍ਹਾਂ ਤੋਂ ਪਤਾ ਲੱਗਾ ਕਿ ਇਸ ਜੰਗ ਦੀ ਵਜ੍ਹਾ ਕਰਕੇ ਔਰਤਾਂ ਅਤੇ ਬੱਚਿਆਂ ਨੇ ਬਹੁਤ ਕਸ਼ਟ ਭੋਗੇ ਹਨ, ਕਿਉਂ ਜੋ ਔਰਤਾਂ ਤਾਂ ਸਿਰਫ਼ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਖਾਣਾ ਚਾਹੁੰਦੀਆਂ ਹਨ ਪਰ ਉਹਨਾਂ ਨੂੰ ਕਈ ਕਸ਼ਟ ਉਠਾਉਣੇ ਪਏ । ਖ਼ੁਰਾਕ ਦੀ ਮੁਸ਼ਕਲ ਵਧੀ । ਬੱਚਿਆਂ ਨੂੰ ਬਹੁਤ ਗ਼ਲਤ ਖ਼ੁਰਾਕ ਦਿੱਤੀ ਜਾ ਰਹੀ ਸੀ । ਸ੍ਰੀਮਤੀ ਜੇਨ ਐਡਮਜ਼ ਦੇ ਵਿਚਾਰ ਬਹੁਤ ਚੰਗੇ ਸਨ । ਉਸ ਨੇ ਸਾਡੇ ਸੰਗਠਨ ਨੂੰ ਅਮਨ ਲਈ ਔਰਤਾਂ ਦੀ ਇੰਟਰਨੈਸ਼ਨਲ ਲੀਗ ਨਾਲ ਸੰਬੰਧਿਤ ਕਰਵਾ ਦਿੱਤਾ । ਉਸ ਰਾਤ ਜੇਨ ਐਡਮਜ਼ ਰਾਤ ਦਾ ਖਾਣਾ ਖਾਣ ਸਾਡੇ ਘਰ ਆਈ ਅਤੇ ਉਸਨੇ ਸਾਡੇ ਬੱਚਿਆਂ ਨੂੰ ਬਹੁਤ ਪਿਆਰ ਕੀਤਾ । ਮੈਂ ਉਸ ਨੂੰ ਕਿਹਾ ਕਿ ਇਹ ਸਭ ਕੁਝ "ਹੱਲ ਹਾਊਸ" ਕਰ ਕੇ ਹੈ, ਤਾਂ ਉਸ ਨੇ ਕਿਹਾ ਕਿ ਨਹੀਂ ਇਹ ਤੇਰੇ ਕਰਕੇ ਹੈ । ਮੈਂ ਉਸ ਨੂੰ ਦੱਸਣ ਲੱਗੀ ਕਿ ਮੈਂ ਕੁਝ ਵੀ ਨਹੀਂ ਲਿਖ ਸਕੀ, ਤਾਂ ਉਹ ਕਹਿਣ ਲੱਗੀ ਕਿ ਇਕ ਬੱਚਾ 12 ਪੁਸਤਕਾਂ ਲਿਖਣ ਦੇ ਬਰਾਬਰ ਹੈ, ਜਦੋਂ ਵੱਡੇ ਹੋਣਗੇ ਫਿਰ ਲਿਖੀਂ ।

ਮੈਂ ਅਤੇ ਬਿਲ, ਮਿਲਵਾਕੀ ਵਿੱਚ ਅਮਨ ਲਈ ਕੰਮ ਕਰ ਰਹੇ ਸਾਂ । ਕਈ ਸਾਲ ਮੈਂ ਪ੍ਰੋਗਰਾਮ ਕਮੇਟੀ ਦੇ ਚੇਅਰ ਪਰਸਨ ਵਜੋਂ ਕੰਮ ਕੀਤਾ । ਹਰ

ਮੀਟਿੰਗ ਤੋਂ ਪਹਿਲਾਂ ਬੋਲਣ ਵਾਲੇ ਮੇਰੇ ਘਰ ਤੋਂ ਰਾਤ ਦਾ ਖਾਣਾ ਖਾਂਦੇ ਸਨ । **ਇਕ ਦਿਨ ਬਰਟਰੈਂਡ ਰਸਲ ਨੇ ਬੁਲਾਰੇ ਵਜੋਂ ਬੋਲਣਾ ਸੀ । ਰਾਤ ਦੇ ਖਾਣੇ ਤੋਂ ਬਾਅਦ ਮੈਂ ਆਪਣੇ ਬੱਚਿਆਂ ਨੂੰ ਰਸਲ ਨੂੰ ਮਿਲਾਇਆ ਅਤੇ ਮੇਰਾ ਛੋਟਾ ਲੜਕਾ ਜਿਹੜਾ ਸਿਰਫ਼ ੩ ਸਾਲ ਦਾ ਸੀ ਉਸ ਨੇ ਕਿਹਾ ਕਿ ਮੈਨੂੰ ਉਮੀਦ ਹੈ ਕਿ ਤੁਹਾਡਾ ਭਾਸ਼ਣ ਬੜੀ ਵੱਡੀ ਸਫਲਤਾ ਹੋਵੇਗਾ ।** ਰਸਲ ਹੱਸ ਪਿਆ ਅਤੇ ਕਹਿਣ ਲੱਗਾ ਕਿ ਮੈਨੂੰ ਵੀ ਉਮੀਦ ਹੈ । **"ਬੈਗਰਜ ਆਫ ਲਾਈਫ"** ਅਤੇ ਹੋਰ ਪੁਸਤਕਾਂ ਦੇ ਲੇਖਕ **"ਜਿਮ ਟਲੀ"** ਇਕ ਦਿਨ ਭਾਸ਼ਣ ਦੇਣ ਆਇਆ । ਬਿਲ, ਉਸ ਪ੍ਰੋਗਰਾਮ ਦਾ ਚੇਅਰਮੈਨ ਸੀ । ਸੁਆਲਾਂ ਅਤੇ ਜੁਆਬਾਂ ਦੇ ਸੈਸ਼ਨ ਵਿੱਚ ਸੁਆਲਾਂ ਦੇ ਜੁਆਬ, ਬਿਲ ਨੇ ਦਿੱਤੇ ।

ਇਨ੍ਹਾਂ ਦਿਨਾਂ ਵਿੱਚ ਮੇਰੇ ਅਤੇ ਬਿਲ ਦੇ ਖੁੱਲ੍ਹ ਕੇ ਕਈ ਪਲੇਟਫਾਰਮਾਂ 'ਤੇ ਆਉਣ ਦੇ ਦਿਨ ਬਹੁਤ ਯਾਦ ਆਉਂਦੇ ਹਨ । ਔਰਤਾਂ ਦੀ ਅਮਨ ਅਤੇ ਸੁਤੰਤਰਤਾ ਲੀਗ ਦੇ ਚੇਅਰਮੈਨ ਦੇ ਨਾਲ, ਮੈਂ ਯਹੂਦੀ ਔਰਤਾਂ ਦੀ ਵੀ ਚੇਅਰਪਰਸਨ ਸਾਂ, ਜਿੱਥੇ ਇਕ ਦਿਨ ਅਸੀਂ 'ਜੰਗ ਦੇ ਕਾਰਣਾਂ ਅਤੇ ਅਮਨ ਦੇ ਢੰਗ' 'ਤੇ ਭਾਸ਼ਣ ਕਰਵਾਇਆ ।

**ਔਰਤਾਂ ਦਾ ਵੋਟ ਦਾ ਅਧਿਕਾਰ**—1878 ਵਿੱਚ ਔਰਤਾਂ ਦੀ ਵੋਟ ਲਈ ਰਾਸ਼ਟਰੀ ਸੰਗਠਨ ਸਥਾਪਿਤ ਹੋਇਆ । ਔਰਤਾਂ ਲਈ ਵੋਟ ਦੇ ਹੱਕ ਦੀ ਅਵਾਜ਼ 1774 ਵਿੱਚ ਉੱਠੀ ਸੀ । ਅਬੀ ਗੇਲ ਐਡਮਜ਼ ਜੋ ਅਮਰੀਕਾ ਦੇ ਪ੍ਰਧਾਨ ਦੀ ਪਤਨੀ ਸੀ ਅਤੇ ਇਕ ਹੋਰ ਪ੍ਰਧਾਨ ਦੀ ਮਾਂ ਨੇ ਆਪਣੇ ਪਤੀ ਨੂੰ ਲਿਖਿਆ ਸੀ ਕਿ ਔਰਤਾਂ ਨੂੰ ਅਣਗੌਲਿਆ ਜਾਂਦਾ ਹੈ ਅਤੇ ਉਹ ਔਰਤਾਂ ਲਈ ਵੋਟ ਦੇ ਹੱਕ ਲਈ ਅੰਦੋਲਨ ਕਰਨਗੀਆਂ ।



ਸੰਨ 1908 ਵਿੱਚ ਔਰਤਾਂ ਲਈ ਵੋਟ ਦਾ ਹੱਕ, ਇਕ ਬਹੁਤ ਹੀ ਚਰਚਿਤ ਵਿਸ਼ਾ ਸੀ । ਜਦੋਂ ਕਦੀ ਹੱਲ ਹਾਊਸ ਵਿੱਚ ਇਸ ਸੰਬੰਧੀ ਕੋਈ ਮੀਟਿੰਗ ਹੁੰਦੀ ਤਾਂ ਜੇਨ ਐਡਮਜ਼, ਮੈਨੂੰ ਕਈ ਇਸ਼ਤਿਹਾਰ ਹਾਲਸਟੈਡ ਸਟਰੀਟ ਵਿੱਚ ਵੰਡਣ ਲਈ ਦਿੰਦੀ ਸੀ ਅਤੇ ਮੈਂ ਉਹ ਇਸ਼ਤਿਹਾਰ ਹਰ ਉਸ ਵਿਅਕਤੀ ਨੂੰ ਦੇ ਦਿੰਦੀ ਸਾਂ ਜੋ ਉੱਥੋਂ ਲੰਘ ਰਿਹਾ ਹੁੰਦਾ ਸੀ । ਉਸ ਸਮੇਂ ਜਦੋਂ ਹਨੇਰੀ ਚੱਲਦੀ ਸੀ ਤਾਂ ਮੇਰੇ ’ਤੇ ਕਾਫ਼ੀ ਮਿੱਟੀ ਪੈ ਜਾਂਦੀ ਸੀ, ਇਸ ਲਈ ਮੇਰੀ ਮਾਂ ਮੈਨੂੰ ਪੁੱਛਦੀ ਕਿ ਤੂੰ ਕਿੱਥੇ ਰਹੀ ਹੈਂ, ਤਾਂ ਮੈਂ ਉਸ ਨੂੰ ਦੱਸਦੀ ਕਿ ਮੈਂ ਔਰਤਾਂ ਲਈ ਵੋਟ ਦੇ ਹੱਕ ਲਈ ਇਸ਼ਤਿਹਾਰ ਵੰਡਦੀ ਰਹੀ ਹਾਂ; ਇਸ ਨਾਲ ਔਰਤਾਂ ਨੂੰ ਵੋਟ ਦਾ ਹੱਕ ਮਿਲੇਗਾ । ਪਰ ਮੇਰੀ ਮਾਂ ਕਹਿੰਦੀ ਕਿ ਕਿਉਂ ਆਪਣਾ ਸਮਾਂ ਬਰਬਾਦ ਕਰਦੀ ਹੈਂ, ਕਦੀ ਵੀ ਔਰਤਾਂ ਨੂੰ ਵੋਟ ਦਾ ਹੱਕ ਨਹੀਂ ਮਿਲੇਗਾ । ਇਸ ਸੰਬੰਧੀ ਕਈ ਪਟੀਸ਼ਨਾਂ ਕਰਨ ਦੇ ਬਾਵਜੂਦ ਵੀ ਕੋਈ ਪ੍ਰਾਪਤੀ ਨਾ ਹੋਈ ।

ਇੰਗਲੈਂਡ ਵਿੱਚ ਇਸ ਲਈ ਇਕ ਅੰਦੋਲਨ ਬਣ ਗਿਆ ਸੀ, ਜਿਸ ਦੀ ਪ੍ਰਤੀਨਿਧਤਾ ਪੰਖਰਸਟ ਕਰ ਰਹੀ ਸੀ । ਔਰਤਾਂ ਲਈ ਇਕ ਰਾਸ਼ਟਰੀ ਪਾਰਟੀ ਬਣ ਗਈ, ਜਿਹੜੀ ਵੋਟਾਂ ਕਹਿੰਦੀ ਨਹੀਂ ਸੀ ਸਗੋਂ ਵੋਟਾਂ ਮੰਗਦੀ ਸੀ, ਮੈਂ ਉਸ ਦੀ ਮੈਂਬਰ ਬਣ ਗਈ । ਸ੍ਰੀਮਤੀ ਜੇਨ ਐਡਮਜ਼ ਉਸ ਸੰਗਠਨ ਨੂੰ ਪ੍ਰਵਾਨ ਨਹੀਂ ਸੀ ਕਰਦੀ ਪਰ ਇਸ ਨਾਲ ਔਰਤਾਂ ਲਈ ਵੋਟ ਦੇ ਹੱਕ ਦਾ ਮੁੱਦਾ ਬਹੁਤ ਵਧ ਗਿਆ ।

ਅਮਰੀਕਾ ਵਿੱਚ ਪ੍ਰਧਾਨ ਵੁਡਰੋ ਵਿਲਸਨ ਨੇ ਆਪਣੇ ਪ੍ਰਧਾਨ ਬਣਨ ’ਤੇ ਇਸ ’ਤੇ ਗੌਰ ਕਰਨ ਦਾ ਵਾਅਦਾ ਕੀਤਾ । ਹੁਣ ਉਹ ਸਮਾਂ ਆ ਗਿਆ ਸੀ, ਜਦੋਂ ਔਰਤਾਂ ਦੀ ਬਹੁ ਗਿਣਤੀ ਵੋਟ ਦਾ ਅਧਿਕਾਰ ਮੰਗਦੀ ਸੀ । ਇਸ ਲਈ ਵਾਈਟ ਹਾਊਸ ਨੂੰ ਘੇਰਣ ਦਾ ਕੰਮ ਸ਼ੁਰੂ ਹੋ ਗਿਆ, ਜਿਸ ਲਈ ਬਹੁਤ ਭੀੜ ਜਮ੍ਹਾਂ ਹੋ ਗਈ । ਪੁਲਿਸ ਉਹਨਾਂ ਔਰਤਾਂ ਨੂੰ ਕਹਿੰਦੀ ਸੀ ਕਿ ਅੱਗੇ ਚੱਲਦੇ ਚੱਲੋ ਪਰ ਉਹ ਨਹੀਂ ਸਨ ਹਿੱਲਦੀਆਂ ਅਤੇ ਉੱਥੇ ਹੀ ਖੜ੍ਹੀਆਂ ਰਹਿੰਦੀਆਂ ਸਨ । ਬਹੁਤ ਜ਼ਿਆਦਾ ਗਿਣਤੀ ਵਿੱਚ ਔਰਤਾਂ ਨੂੰ ਗ੍ਰਿਫ਼ਤਾਰ ਕਰਨ ਲੱਗ ਪਏ ।

ਸ਼ਿਕਾਗੋ ਟ੍ਰਿਬਿਊਨ ਦੇ ਐਡੀਟਰ ਫਰੈਡਰਿਕਹਾਲ ਦੀ ਲੜਕੀ ਗ੍ਰਿਫ਼ਤਾਰ ਹੋਈ ਜਿਹੜੀ ਸਕਰਿਪਸ ਅਖ਼ਬਾਰ ਦੇ ਵਸ਼ਿੰਗਟਨ ਵਿੱਚ ਪ੍ਰਤੀਨਿਧ ਦੀ ਪਤਨੀ ਸੀ, ਉਸ ਦੀ ਗ੍ਰਿਫ਼ਤਾਰੀ ਨਾਲ ਉਹ ਖ਼ਬਰ, ਅਖ਼ਬਾਰਾਂ ਦੇ ਪਹਿਲੇ ਸਫ਼ੇ ’ਤੇ ਛਪੀ ।

ਸ੍ਰੀਮਤੀ ਫਲੋਰੈਂਸ ਬੇਆਰਡ ਹਿਲਜ ਜੋ ਥਾਮਸ ਫਰਾਂਸਿਸ ਬੇਆਰਡ ਦੀ ਲੜਕੀ, ਜਿਹੜਾ ਹੁਣ ਇੰਗਲੈਂਡ ਵਿੱਚ ਰਾਜਦੂਤ ਸੀ ਅਤੇ ਪ੍ਰਧਾਨ ਕਲੀਵਡੇਡ ਦਾ ਵਿਦੇਸ਼ ਮੰਤਰੀ ਰਿਹਾ ਸੀ, ਨੂੰ 60 ਦਿਨਾਂ ਦੀ ਕੈਦ ਹੋ ਗਈ ਸੀ, ਪਰ ਅਜੇ ਉਸ ਨੂੰ ਜੇਲ੍ਹ ਵਿੱਚ ਰਹਿੰਦਿਆਂ ਤਿੰਨ ਦਿਨ ਹੀ ਹੋਏ ਸਨ ਕਿ ਮੁਆਫ਼ ਕਰ ਦਿੱਤਾ ਗਿਆ ।

ਸ਼ੂਗਰ ਕਿੰਗ ਦੀ ਪਤਨੀ ਨੂੰ ਜਦੋਂ ਗ੍ਰਿਫ਼ਤਾਰ ਕਰ ਕੇ ਖੜਨ ਲੱਗੇ ਤਾਂ ਉਸ ਕੋਲ ਅਮਰੀਕਾ ਦਾ ਝੰਡਾ ਸੀ । ਜਦੋਂ ਉਹ ਪੈਨਸਨਵੇਲੀਆਂ ਐਵਨਿਯੂ ਵਿਖੇ ਗਈ ਤਾਂ ਉਸ ਨੇ ਝੰਡਾ ਲਹਿਰਾ ਦਿੱਤਾ । ਉੱਥੇ ਵੇਖਣ ਵਾਲਿਆਂ ਨੇ ਗਾਣਾ ਸ਼ੁਰੂ ਕਰ ਦਿੱਤਾ, ਜਿਸ ਦਾ ਮੁੱਖ ਵਾਕ ਸੀ ਸੁਤੰਤਰਤਾ ਅਤੇ ਬਹਾਦਰ ਲੋਕਾਂ ਦੀ ਧਰਤੀ ’ਤੇ ਇਹ ਲੰਮਾ ਸਮਾਂ ਝੂਲਦਾ ਰਹੇ ।

ਹਰ ਰੋਜ਼ ਰੋਸ ਕਰਦੀਆਂ ਹੋਈਆਂ ਔਰਤਾਂ ਦੀਆਂ ਫੋਟੋਆਂ ਅਖ਼ਬਾਰਾਂ ਵਿੱਚ ਛਪਦੀਆਂ ਸਨ, ਪੁਲਿਸ ਦੀਆਂ ਵੈਨਾਂ ਵਿੱਚ ਔਰਤਾਂ ਚੜ੍ਹੀਆਂ ਹੋਈਆਂ ਨਜ਼ਰ ਆਉਂਦੀਆਂ ਸਨ ਅਤੇ ਜੇਲ੍ਹ ਵਿੱਚੋਂ ਬਾਹਰ ਆਉਂਦੀਆਂ ਔਰਤਾਂ ਦੀਆਂ ਫੋਟੋ ਛਪਦੀਆਂ ਸਨ ।

170 ਔਰਤਾਂ ਵੱਖ-ਵੱਖ ਸਮਿਆਂ ’ਤੇ ਗ੍ਰਿਫ਼ਤਾਰ ਹੋਈਆਂ ਅਤੇ ਉਹਨਾਂ ਨੂੰ ਜੇਲ੍ਹ ਵਿੱਚ ਭੇਜਿਆ ਗਿਆ, ਕਿਉਂ ਜੋ ਉਹ ਕੋਈ ਜੁਰਮਾਨਾ ਨਹੀਂ ਸਨ ਅਦਾ ਕਰਦੀਆਂ ਅਤੇ ਕਹਿੰਦੀਆਂ ਸਨ ਕਿ ਅਸੀਂ ਦੋਸ਼ੀ ਨਹੀਂ ਹਾਂ ਅਤੇ ਜੁਰਮਾਨਾ ਕਿਉਂ ਦੇਈਏ । ਇਹ ਔਰਤਾਂ ਵੱਖ-ਵੱਖ ਵਰਗਾਂ ਦੀਆਂ ਸਨ; ਜਿਵੇਂ ਅਮੀਰ-ਗ਼ਰੀਬ, ਛੋਟੀ-ਵੱਡੀ ਉਮਰ । ਉਹ ਜੇਲ੍ਹ ਵਿੱਚ ਮਾੜੀ ਖ਼ੁਰਾਕ ਆਦਿ ਦਾ ਮੁਕਾਬਲਾ ਕਰਦੀਆਂ ਸਨ, ਤਾਂ ਕਿ ਉਹਨਾਂ ਦੇ ਮਸਲੇ ਦਾ ਪੱਕਾ ਹੱਕ ਮਿਲ ਸਕੇ ।

ਮਿਲਵਾਕੀ ਵਿੱਚ ਔਰਤਾਂ ਦੇ ਵੋਟ ਦੇ ਹੱਕ ਸੰਬੰਧੀ ਇਕ ਹੋਰ ਅਲੋਚਨਾ ਇਹ ਵੀ ਸੀ ਕਿ ਔਰਤਾਂ ਸ਼ਰਾਬ ਬੰਦੀ ਲਿਆਉਣਗੀਆਂ, ਪਰ ਇਸ ਤਰ੍ਹਾਂ ਨਹੀਂ ਸੀ । ਉਹਨਾਂ ਵੱਲੋਂ ਇਸ ਪ੍ਰਚਾਰ ਦੀ ਵੱਡੀ ਵਿਰੋਧਤਾ ਕੀਤੀ ਗਈ ।

ਲੋਕਾਂ ਦੀ ਵੱਡੀ ਰਾਇ ਬਣਾਉਣ ਲਈ ਔਰਤਾਂ ਦੀ ਰਾਸ਼ਟਰੀ ਪਾਰਟੀ ਨੇ ਇਕ ਰੇਲ ਗੱਡੀ ਕਿਰਾਏ ’ਤੇ ਲਈ, ਤਾਂ ਕਿ ਜਿਨ੍ਹਾਂ ਔਰਤਾਂ ਨੇ ਜੇਲ੍ਹ ਕੱਟੀ ਸੀ, ਉਹ ਸਾਰੇ ਦੇਸ਼ ਦਾ ਇਸ ਗੱਡੀ ਵਿੱਚ ਇਕ ਦੌਰਾ ਕਰਨ । ਮੈਨੂੰ ਯਾਦ ਹੈ ਕਿ ਜਦੋਂ ਇਨ੍ਹਾਂ ਕੈਦੀਆਂ ਦੀ ਗੱਡੀ ਮਿਲਵਾਕੀ ਵਿੱਚ ਆਈ ਤਾਂ ਕਿਰਾਏ ਦੀ ਬੱਚਤ ਕਰਨ ਲਈ ਯਾਤਰੀਆਂ ਨੂੰ ਮੈਂਬਰਾਂ ਦੇ ਘਰਾਂ ਵਿੱਚ ਠਹਿਰਾਇਆ ਗਿਆ ।

ਡਾਈਟਰੋਟ ਦੀ ਸ੍ਰੀਮਤੀ ਡਬਲਯੂ. ਡੀ. ਅਸਕੌਰਾ ਸਾਡੇ ਘਰ ਰਹੀ। ਉਹ ਸੰਗੀਤਕਾਰ ਸੀ ਅਤੇ ਉਸ ਨੇ ਸੰਗੀਤ ਦਾ ਕੰਮ ਛੱਡ ਕੇ ਔਰਤਾਂ ਦੇ ਵੋਟ ਦੇ ਹੱਕ ਵਿੱਚ ਅੰਦੋਲਨ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ ।

ਮਿਲਵਾਕੀ ਵਿੱਚ ਪੁਰਾਣੇ ਮਜੈਸਟਿਕ ਥਿਏਟਰ ਵਿੱਚ ਮੀਟਿੰਗ ਰੱਖੀ ਗਈ, ਜਿੱਥੇ ਔਰਤਾਂ ਨੇ ਆਪਣੀ ਹੱਡਬੀਤੀ ਸੁਣਾਈ । ਇਕ ਬੜੀ ਦਿਲਚਸਪ ਘਟਨਾ ਹੋਈ । ਮੇਰਾ 5 ਸਾਲ ਦਾ ਲੜਕਾ ਨਾਲ ਦੇ ਘਰ ਵਾਲੇ ਨਾਲ ਗੱਲ ਕਰ ਰਿਹਾ ਸੀ । ਜਦੋਂ ਸ੍ਰੀਮਤੀ ਅਸਕੌਰਾ ਉੱਪਰ ਗਈ ਤਾਂ ਮੈਂ ਪੁੱਛਿਆ ਕਿ ਉਹ ਆਦਮੀ ਕੀ ਕਹਿ ਰਿਹਾ ਸੀ ? ਤਾਂ ਉਸ ਨੇ ਦੱਸਿਆ ਕਿ ਉਹ ਪੁੱਛ ਰਿਹਾ ਸੀ ਕਿ ਕੀ ਇਹ ਔਰਤ ਜੇਲ੍ਹ ਵਿੱਚ ਰਹੀ ਹੈ ? ਜਦੋਂ ਮੈਂ ਉਸ ਔਰਤ ਬਾਰੇ ਦੱਸਿਆ ਤਾਂ ਉਹ ਗੁਆਂਢੀ ਤਿਆਰ ਹੋ ਕੇ ਮੀਟਿੰਗ ਵਿੱਚ ਆ ਗਿਆ ।

ਫਿਰ 26 ਅਗਸਤ ਨੂੰ ਵਿਦੇਸ਼ ਮੰਤਰੀ ਨੇ ਉੱਨੀਵੀਂ ਸੋਧ ਨੂੰ ਸੰਵਿਧਾਨ ਵਿੱਚ ਦਰਜ ਕਰਾਇਆ । ਮਿਲਵਾਕੀ ਬੋਰਡ ਦੇ ਸਾਰੇ ਮੈਂਬਰ ਉਸ ਦਿਨ ਗਰਮੀਆਂ ਦਾ ਦਿਨ ਮਨਾਉਣ ਗਏ ਹੋਏ ਸਨ । ਸਿਰਫ਼ ਮੈਂ ਹੀ ਇਕੱਲੀ ਸਾਂ, ਜਿਸ ਨੇ ਜਨਤਕ ਤੌਰ ’ਤੇ ਫੋਟੋ ਅਤੇ ਅਖ਼ਬਾਰਾਂ ਲਈ ਨੋਟ ਅਤੇ ਖ਼ਬਰਾਂ ਦੇਣੀਆਂ ਸਨ । ਅਖ਼ੀਰ ਜਦੋਂ ਵਾਸ਼ਿੰਗਟਨ ਤੋਂ ਇਹ ਖ਼ਬਰ ਆਈ ਤਾਂ ਇਕ ਅਖ਼ਬਾਰ ਦੇ ਪ੍ਰਤੀਨਿਧ ਨੇ ਮੈਨੂੰ ਉਸ ਦੀ ਕਾਪੀ ਦੇਣ ਲਈ ਕਿਹਾ, ਜਿਸ ਨਾਲ ਉਹ ਕਾਨੂੰਨ ਬਣ ਗਿਆ ਸੀ ।

ਇਹ ਵੀ ਕਿੰਨੀ ਦੁਖਦਾਈ ਗੱਲ ਸੀ ਕਿ ਜਦੋਂ ਮੈਨੂੰ ਵੋਟ ਦਾ ਹੱਕ ਮਿਲਿਆ, ਚੋਣਾਂ ਵਿੱਚ ਇਕ ਹੀ ਉਹ ਉਮੀਦਵਾਰ ਡੇਬਕਾ ਸੀ ਜੋ ਅਮਨ ਲਈ ਲੜਿਆ ਸੀ ਅਤੇ ਉਹ ਉਸ ਵੇਲੇ ਜੇਲ੍ਹ ਵਿੱਚ ਸੀ ।

ਉਸ ਵੇਲੇ ਕਈ ਅਮਨ-ਪਸੰਦ ਲੋਕ ਜਿਹੜੇ ਸਮਾਜਵਾਦੀ ਨਹੀਂ ਸਨ, ਉਹਨਾਂ ਨੇ ਡੇਬਜ ਨੂੰ ਵੋਟ ਪਾਈ । ਸਮਾਜਵਾਦੀ ਪਾਰਟੀ ਨੂੰ 117984 ਮੈਂਬਰਾਂ ਤੋਂ ਵੱਧ ਵੋਟਾਂ ਨਹੀਂ ਸਨ ਪਈਆਂ ਅਤੇ ਡੇਬਜ ਨੂੰ 9 ਲੱਖ ਵੋਟਾਂ ਮਿਲੀਆਂ । ਵਾਰਨ ਜੀ ਹਾਰਡਿੰਗ ਜਿਸ ਨੂੰ ਸਫਲਤਾ ਮਿਲੀ ਸੀ, ਉਸ ਨੇ ਮਾਰਚ 1921 ਵਿੱਚ ਇਹ ਅਹੁਦਾ ਸੰਭਾਲਿਆ । ਉਸ ਹੀ ਸਾਲ ਕ੍ਰਿਸਮਸ ਤੋਂ ਉਸ ਨੇ ਡੇਬਜ ਨੂੰ ਮੁਆਫ਼ ਕਰ ਦਿੱਤਾ । ਵਾਰਨ ਹਾਰਡਿੰਗ ਦੀ ਇਹ ਗੱਲ ਹਮੇਸ਼ਾਂ ਯਾਦ ਰਹੇਗੀ । ਇਹ ਸਾਰੀਆਂ ਕੋਸ਼ਿਸ਼ਾਂ ਸਦਕਾ ਅਮਰੀਕਾ ਵਿੱਚ ਔਰਤਾਂ ਨੂੰ ੧੯ ਅਗਸਤ ੧੯੨੦ ਨੂੰ ਵੋਟ ਦਾ ਹੱਕ ਮਿਲਿਆ

# ਅਮਨ ਅਤੇ ਸੁਤੰਤਰਤਾ ਦੀ ਔਰਤਾਂ ਦੀ ਅੰਤਰ-ਰਾਸ਼ਟਰੀ ਲੀਗ

"ਹੱਲ ਹਾਊਸ" ਇਕ ਅਤੇ "ਅਮਨ ਅਤੇ ਸੁਤੰਤਰਤਾ ਦੀ ਅੰਤਰ-ਰਾਸ਼ਟਰੀ ਲੀਗ," ਬੀਬੀ ਜੇਨ ਐਡਮਜ਼ ਦੀਆਂ ਦੋ ਬਹੁਤ ਵੱਡੀਆਂ ਦੇਣਾਂ ਸਨ। ਜੰਗ ਨੇ ਦੁਨੀਆਂ ਨੂੰ ਖਦੇੜ ਦਿੱਤਾ ਸੀ। ਜੇਨ ਐਡਮਜ਼ ਮਹਿਸੂਸ ਕਰਦੀ ਸੀ ਕਿ ਦੁਨੀਆਂ ਵਿੱਚ ਅਮਨ ਨਾਲ ਰਹਿਣਾ ਚਾਹੀਦਾ ਹੈ। ਉਸ ਨੇ ਪਿਛਲੇ




ਦਿਨਾਂ ਵਿੱਚ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ, ਕਿ ਉਸ ਨੂੰ ਹੁਣ "ਹੱਲ ਹਾਊਸ" ਕਿਸੇ ਯੋਗ ਹੱਥਾਂ ਵਿੱਚ ਦੇ ਦੇਣਾ ਚਾਹੀਦਾ ਹੈ ਅਤੇ ਆਪਣਾ ਸਮਾਂ ਅਮਨ ਲਈ ਲਾਉਣਾ ਚਾਹੀਦਾ ਹੈ। ਉਸ ਵੱਲੋਂ ਅਮਨ ਲਈ ਉਸਦਾ ਕੀਤਾ ਕੰਮ ਅਤੇ ਵਿਚਾਰ **"ਪੀਸ ਐਂਡ ਬਰੈੱਡ ਇਨ ਟਾਈਮ ਔਫ-ਵਾਰ"** ਵਾਲੀ ਪੁਸਤਕ ਤੋਂ ਮਿਲਦਾ ਹੈ। 21 ਦੇਸ਼ਾਂ ਵਿੱਚ ਇਹ ਸੰਗਠਨ ਚੱਲਦਾ ਹੈ ਜਿਹੜੇ ਆਈਸ ਲੈਂਡ ਤੋਂ ਲੈ ਕੇ ਫਿਜੀ ਤਕ ਹਨ। ਇਸ ਵਿੱਚ ਉਹ ਔਰਤਾਂ ਕੰਮ ਕਰਦੀਆਂ ਹਨ ਜਿਹੜੀਆਂ ਆਉਣ ਵਾਲੀਆਂ ਨਸਲਾਂ ਲਈ ਮਰਦਾਂ ਅਤੇ ਔਰਤਾਂ ਵਿੱਚ ਬਰਾਬਰੀ ਲਈ ਅਤੇ ਉਹਨਾਂ ਸਿਧਾਂਤਾਂ ਨੂੰ ਅਪਨਾਉਣ ਲਈ ਸਿੱਖਿਆ ਦੇਣ ਦਾ ਕੰਮ ਕਰਦੀਆਂ ਹਨ।

ਯੂਰਪ ਵਿੱਚ ਕਈ ਮੀਟਿੰਗਾਂ ਹੋਈਆਂ। ਮੈਂ ਸਿਰਫ਼ ਇਕ ਉਸ ਮੀਟਿੰਗ ਬਾਰੇ ਦੱਸਾਂਗੀ ਜਿਹੜੀ ਅਮਰੀਕਾ ਵਿੱਚ ਹੋਈ, ਜਿਹੜੀ ਮਈ

1924 ਵਿੱਚ ਵਸ਼ਿੰਗਟਨ ਵਿਖੇ ਹੋਈ ਸੀ। ਇਸ ਵਿੱਚ ਅਮਰੀਕੀ ਡੈਲੀਗੇਟਾਂ ਤੋਂ ਇਲਾਵਾ ਆਸਟ੍ਰੇਲੀਆ, ਆਸਟ੍ਰੀਆ, ਬੈਲਜੀਅਮ, ਬੁਲਗਾਰੀਆ, ਕੈਨੇਡਾ, ਚੈਕੋਸਲੋਵਾਕੀਆ, ਡੈਨਮਾਰਕ, ਫਰਾਂਸ, ਜਰਮਨੀ, ਇੰਗਲੈਂਡ, ਯੂਨਾਨ ਆਦਿ ਤੋਂ ਵੀ ਡੈਲੀਗੇਟ ਆਏ ਸਨ । ਅਮਰੀਕਾ ਨੇ ਕਈ ਦਰਸ਼ਕ ਭੇਜੇ ਸਨ । ਏਸ਼ੀਆ ਅਤੇ ਯੂਰਪ ਦੇ, ਜੰਗ ਨਾਲ ਹੋਏ ਪ੍ਰਭਾਵਿਤ ਦੇਸ਼ਾਂ ਦੀਆਂ ਔਰਤਾਂ ਦੇ ਤਿਆਗ ਦੀ ਕਲਪਨਾ ਨਹੀਂ ਕੀਤੀ ਜਾ ਰਹੀ ।

ਉਸ ਵੇਲੇ ਐਡਮਜ਼ 64 ਸਾਲ ਦੀ ਸੀ । ਉਹ ਸਵੇਰੇ, ਬਾਅਦ ਦੁਪਹਿਰ ਅਤੇ ਸ਼ਾਮ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦੀ ਸੀ । ਉਹਨਾਂ ਔਰਤਾਂ ਦਾ ਸੰਦੇਸ਼ ਸੀ ਕਿ ਉਹ ਅਮਨ ਚਾਹੁੰਦੀਆਂ ਹਨ; ਭਾਵੇਂ ਕਿ ਉਹਨਾਂ ਦੀਆਂ ਸਰਕਾਰਾਂ ਜੰਗ ਅਤੇ ਤਬਾਹੀ ਦੀਆਂ ਨੀਤੀਆਂ ਰੱਖਦੀਆਂ ਹੋਣ। ਵਿਸਕੋਨਸਿਨ ਦਾ ਡੈਲੀਗੇਸ਼ਨ ਸਭ ਤੋਂ ਵੱਡਾ ਸੀ । ਕਾਂਗਰਸ ਅਤੇ ਸੈਨੇਟ ਦੇ ਮੈਂਬਰਾਂ ਦੀਆਂ ਪਤਨੀਆਂ ਉਸ ਵਿੱਚ ਸ਼ਾਮਲ ਹੋਈਆਂ; ਮੈਂ ਵਿਸ਼ਵਾਸ ਕਰਦੀ ਹਾਂ ਕਿ ਉਹ ਮੈਂਬਰ ਸਨ । ਉਸ ਵਕਤ ਮੈਨੂੰ ਸ੍ਰੀਮਤੀ ਬਰਜਰ ਅਤੇ ਸ੍ਰੀਮਤੀ ਰਾਬਰਟ ਲਾਫਿਲੈਟੀ ਨੂੰ ਦੁਪਹਿਰ ਦਾ ਖਾਣਾ ਦੇਣ ਦਾ ਮਾਣ ਮਿਲਿਆ ।

ਪ੍ਰਧਾਨ ਕੂਲੀਜੇ ਨੇ ਡੈਲੀਗੇਟਾਂ ਨੂੰ ਦਾਅਵਤ ਦਿੱਤੀ ਅਤੇ ਉਹਨਾਂ ਸਾਰਿਆਂ ਨਾਲ ਹੱਥ ਮਿਲਾਏ, ਪਰ ਬੋਲਿਆ ਨਹੀਂ । ਮੈਨੂੰ ਇਹ ਚੰਗਾ ਨਾ ਲੱਗਾ ਅਤੇ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਸ ਨੇ ਸਾਡੀ ਬੇਇੱਜ਼ਤੀ ਕੀਤੀ ਹੋਵੇ; ਕਿਉਂ ਜੋ ਇਸ ਨਾਲ ਉਸ ਨੇ ਕਈ ਦੇਸ਼ਾਂ ਤੋਂ ਆਈਆਂ ਔਰਤਾਂ ਨੂੰ ਕੋਈ ਮਹੱਤਤਾ ਨਹੀਂ ਸੀ ਦਿੱਤੀ । ਉਸ ਸ਼ਾਮ ਜਦੋਂ 76 ਸਾਲ ਦੀ ਸ੍ਰੀਮਤੀ ਫੈਨੀ ਗਰੀਜੋਨ ਵਿਲਾਰਡ ਲਈ ਹਾਵਰਡ ਯੂਨੀਵਰਸਿਟੀ ਦੇ ਡੈਲੀਗੇਟਾਂ ਵੱਲੋਂ ਇਕ ਸਮੂਹਿਕ ਗਾਣਾ ਪੇਸ਼ ਕੀਤਾ ਗਿਆ, ਉਹ ਆਪਣੇ ਬਾਪ ਦੇ ਤਾਂਬੇ ਦੇ ਬੁੱਤ ਦੇ ਕੋਲ ਖੜ੍ਹੀ ਸੀ । 2 ਘੰਟੇ ਗਾਉਣ ਤੋਂ ਬਾਅਦ ਵੀ ਲੋਕ ਕਹਿ ਰਹੇ ਸਨ ਕਿ ਜਾਰੀ ਰੱਖੋ । ਫਿਰ ਸ੍ਰੀਮਤੀ ਵਿਲਾਰਡ ਦੇ ਸਨਮਾਨ ਵਿੱਚ ਅਸਾਂ ਸਾਰਿਆਂ ਇਕੱਠਿਆਂ ਇਕ ਗਾਣਾ ਗਾਇਆ । ਮੈਨੂੰ 35 ਸਾਲ ਬਾਅਦ ਵੀ ਵਿਲਾਰਡ ਦੇ ਮਹਾਨ ਪਿਤਾ ਵਿਲੀਅਮ ਲਾਇਡ ਗੈਰੀਜਨ ਦੇ ਬੁੱਤ ਕੋਲ ਖੜ੍ਹੀ, ਉਸ ਦੀ ਧੀ ਦੀ ਯਾਦ ਆਉਂਦੀ ਸੀ ।

## ਦਸੰਬਰ 1927

ਦਸੰਬਰ 1927 ਵਿੱਚ ਬਿਲ ਦੀ ਅਚਾਨਕ ਮੌਤ ਹੋ ਗਈ । ਮੇਰੇ ਲਈ ਵੱਡੇ ਦੁੱਖ ਦੀ ਗੱਲ ਸੀ, ਮੈਨੂੰ ਤਾਂ ਯਾਦ ਵੀ ਨਹੀਂ ਸੀ ਕਿ ਉਸ

ਤੋਂ ਅਗਲਾ ਸਾਲ ਮੈਂ ਕਿਵੇਂ ਕੱਟ ਲਿਆ । ਮੈਂ ਪਿਛਲੇ ਬੀਤੇ ਹੋਏ ਸਮੇਂ ਨੂੰ ਯਾਦ ਕਰ ਰਹੀ ਸਾਂ । ਮੇਰੇ ਇਰਦ-ਗਿਰਦ ਜਵਾਨ ਦੋਸਤ ਅਤੇ ਰਿਸ਼ਤੇਦਾਰ ਸਨ। ਉਹ ਮੈਨੂੰ ਵਪਾਰ ਚਲਾਉਣ ਦੀਆਂ ਕਈ ਸਲਾਹਾਂ ਦੇ ਰਹੇ ਸਨ; ਪਰ ਉਸ ਸਾਲ ਦੀ ਸਿਰਫ਼ ਇਕ ਹੀ ਗੱਲ ਮੈਨੂੰ ਯਾਦ ਹੈ ਕਿ ਬਿਲ ਮੇਰੇ ਕੋਲੋਂ ਚਲਾ ਗਿਆ। ਮੈਂ ਜੇਨ ਐਡਮਜ਼ ਨੂੰ ਇਕ ਚੈੱਕ ਭੇਜਿਆ ਅਤੇ ਉਸ ਚੈੱਕ ਦੇ ਜਵਾਬ ਵਿੱਚ ਉਸ ਨੇ ਇਕ ਖ਼ਤ ਲਿਖਿਆ, ਜਿਸ ਵਿੱਚ ਉਸ ਨੇ ਮੈਨੂੰ "ਹੱਲ ਹਾਊਸ" ਆਉਣ ਲਈ ਕਿਹਾ, ਕਿਉਂ ਜੋ ਉਹ ਕੁਝ ਛਪਵਾਉਣਾ ਚਾਹੁੰਦੀ ਸੀ । ਮੈਨੂੰ ਕਈ ਖ਼ਤ ਮਿਲੇ ਪਰ ਮੈਨੂੰ ਸਿਰਫ਼ ਜੇਨ ਐਡਮਜ਼ ਦਾ ਖ਼ਤ ਯਾਦ ਹੈ ਜਾਂ ਮਿਲਵਾਕੀ ਵਿੱਚ ਉਹ ਸੋਗ ਖ਼ਬਰ ਜਿਹੜੀ ਬਿਲ ਬਾਰੇ ਛਪੀ ਸੀ, ਜਿਸ ਵਿੱਚ ਲਿਖਿਆ ਸੀ—ਕਲਾ, ਸਾਹਿਤ ਅਤੇ ਸੰਗੀਤ ਦੇ ਘੇਰੇ ਵਿੱਚ ਇਕ ਬਹੁਤ ਹੀ ਜਾਣਿਆ ਜਾਂਦਾ ਅਤੇ ਵੱਡੀ ਤਰ੍ਹਾਂ ਨਾਲ ਸੱਭਿਆਯਾਫਤਾ ਵਿਅਕਤੀ, ਉਸ ਦੀ 15 ਸਾਲ ਪਹਿਲਾਂ ਹਿਲਡਾ ਨਾਲ ਸ਼ਾਦੀ ਹੋਈ ਸੀ, ਉਸ ਦਾ ਘਰ ਕਲਾ ਦਾ ਕੇਂਦਰ ਸੀ ।

1928 ਦੀ ਪੱਤਝੜ ਵਿੱਚ ਮੈਂ ਹੱਲ ਹਾਊਸ ਜਾਣ ਦਾ ਸੱਦਾ ਪ੍ਰਵਾਨ ਕਰ ਲਿਆ । ਮੈਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੈਂ ਆਪਣੇ ਬੱਚਿਆਂ ਨੂੰ ਉਹ ਜਗ੍ਹਾ ਦਿਖਾਈ, ਜਿੱਥੇ ਮੈਂ ਆਪਣਾ ਜੀਵਨ ਢਾਲਿਆ ਸੀ ਅਤੇ ਜਿਸ ਜਗ੍ਹਾ ਨੂੰ ਮੈਂ ਕਈ ਯਾਤਰੀਆਂ ਨੂੰ ਵਿਖਾਉਂਦੀ ਹੁੰਦੀ ਸਾਂ । ਅਸੀਂ ਦੁਪਹਿਰੇ ਹੱਲ ਹਾਊਸ ਗਏ ਅਤੇ ਜੇਨ ਐਡਮਜ਼ ਮੈਨੂੰ ਅਤੇ ਬੱਚਿਆਂ ਨੂੰ ਇਕ ਦਮ ਦੁਪਹਿਰ ਦੇ ਖਾਣੇ ਵਾਸਤੇ ਲੈ ਗਈ ।

ਜੇਨ ਐਡਮਜ਼ ਦੇ ਆਪਣੇ ਬੱਚੇ ਨਹੀਂ ਸਨ ਪਰ ਸਾਰੀ ਦੁਨੀਆਂ ਦੇ ਬੱਚੇ ਉਸ ਦੇ ਹੀ ਬੱਚੇ ਸਨ । ਸੰਨ 1929 ਦੇ ਅਖ਼ੀਰ ਵਿੱਚ ਮੇਰੇ ਕੋਲ ਥੋੜ੍ਹੇ ਜਿਹੇ ਪੈਸੇ ਰਹਿ ਗਏ ਸਨ ।

## ਫਿਰ ਸ਼ਿਕਾਗੋ ਵਿੱਚ ਵਾਪਸੀ

1929 ਵਿੱਚ ਮੇਰੀ ਹਿੰਮਤ ਫਿਰ ਵਾਪਸ ਆ ਗਈ । ਮੈਂ ਬੱਚਿਆਂ ਦੀਆਂ ਮੁਸ਼ਕਲਾਂ ਦਾ ਚੰਗੀ ਤਰ੍ਹਾਂ ਮੁਕਾਬਲਾ ਕਰ ਸਕਦੀ ਸਾਂ । "ਹੱਲ ਹਾਊਸ" ਵਿੱਚ ਜੇਨ ਐਡਮਜ਼ ਮੇਰੀ ਹਮਦਰਦ ਸੀ ਅਤੇ ਮੇਰੀ ਮਦਦ ਕਰਦੀ ਸੀ । ਮੈਂ ਸਵਾਗਤੀ ਕਮਰੇ ਵਿੱਚ ਬਹੁਤ ਸਾਰੇ ਦੁਖਾਂਤਾਂ ਬਾਰੇ ਸੁਣਦੀ ਰਹਿੰਦੀ ਸਾਂ; ਪਰ ਉਸ ਵਕਤ ਮੇਰੀ ਵੱਡੀ ਲੋੜ ਸੀ ਕਿ ਮੈਂ ਬੱਚਿਆਂ ਦੀਆਂ ਲੋੜਾਂ ਲਈ ਕਾਫ਼ੀ ਪੈਸੇ ਕਮਾ ਸਕਾਂ । ਮੈਂ ਸ਼ਿਕਾਗੋ ਵਿੱਚ "ਹੱਲ ਹਾਊਸ" ਦੀ 40ਵੀਂ ਵਰ੍ਹੇ ਗੰਢ ਵਿੱਚ ਹਿੱਸਾ ਲੈਣ ਲਈ ਗਈ । "ਹਲ ਹਾਊਸ" ਦੇ ਬਹੁਤ ਸਾਰੇ ਬੱਚੇ ਉੱਥੇ ਆਏ ।

ਜੇਨ ਐਡਮਜ਼ ਉਹਨਾਂ ਸਾਰਿਆਂ ਬੱਚਿਆਂ ਦੇ ਨਾਂ ਜਾਣਦੀ ਸੀ ।

ਉੱਥੇ ਵੱਖ-ਵੱਖ ਲੋਕਾਂ ਨੇ ਆਪਣੀਆਂ ਗੱਲਾਂ ਦੱਸੀਆਂ । ਇਕ ਔਰਤ ਨੇ ਦੱਸਿਆ ਕਿ ਉਹ ਕਿਵੇਂ ਪ੍ਰਵਾਸੀਆਂ ਨੂੰ ਪੜ੍ਹਾਉਂਦੀ ਹੁੰਦੀ ਸੀ ਅਤੇ ਪ੍ਰਵਾਸੀਆਂ ਦੇ ਬੱਚਿਆਂ ਨੂੰ ਕਿਵੇਂ ਖਾਣਾ ਖੁਆਉਂਦੀ ਹੁੰਦੀ ਸੀ । ਉਸ ਦਿਨ ਖਾਣੇ ਦੇ ਮੇਜ਼ 'ਤੇ ਬਹੁਤ ਸਾਰੇ ਮਸ਼ਹੂਰ ਵਿਅਕਤੀ ਬੈਠੇ ਹੋਏ ਸਨ, ਜਿਨ੍ਹਾਂ ਦੇ ਨਾਲ ਮੈਂ ਬੈਠੀ ਸਾਂ । ਜੇਨ ਐਡਮਜ਼, ਉਸ ਪਰਿਵਾਰ ਦੀ ਮੁਖੀ ਲੱਗਦੀ ਸੀ । ਅਸਲ ਵਿੱਚ ਮੈਨੂੰ ਉਸ ਦਿਨ ਆਉਣ ਵਾਲੇ ਸੰਘਰਸ਼ ਭਰੇ ਦਿਨਾਂ ਲਈ ਹੌਂਸਲਾ ਮਿਲਿਆ ।

ਅਸੀਂ 18 ਸਾਲ ਮਿਲਵਾਕੀ ਰਹੇ ਸਾਂ । ਅਸਾਂ ਮਿਲਵਾਕੀ ਵਾਲੇ ਘਰ ਅਤੇ ਫ਼ਰਨੀਚਰ ਨੂੰ ਵੇਚ ਦਿੱਤਾ ਅਤੇ ਇਕ ਹੋਟਲ 'ਚ ਨੌਕਰੀ ਕਰ ਲਈ; ਉੱਥੇ ਸਾਡੇ ਕੋਲ 5 ਕਮਰਿਆਂ ਦਾ ਇਕ ਹਿੱਸਾ ਸੀ । ਉਸ ਹੋਟਲ ਵਿੱਚ ਇਕ ਬਜ਼ੁਰਗ ਔਰਤ ਰਹਿੰਦੀ ਸੀ । ਇਕ ਵਾਰ ਉਹ ਫਲੋਰੀਡਾ ਵਿੱਚ ਇਕ ਰਿਸ਼ਤੇਦਾਰ ਨੂੰ ਮਿਲਣ ਗਈ ਸੀ । ਉਸ ਨੇ ਉਸ ਕਾਲੇ ਦਿਨ ਬਾਰੇ ਨਹੀਂ ਸੀ ਸੁਣਿਆ ਕਿ ਉਸ ਦਿਨ ਸਭ ਬੈਂਕ ਬੰਦ ਹੋ ਗਏ ਸਨ; ਪਰ ਉਸ ਨੇ ਨਹੀਂ ਸੀ ਸੁਣਿਆ । ਉਹ ਸ਼ਿਕਾਗੋ ਰੇਲ ਗੱਡੀ ਰਾਹੀਂ ਆਈ । ਜਦੋਂ ਉਹ ਸ਼ਿਕਾਗੋ ਪਹੁੰਚੀ ਤਾਂ ਉਸ ਕੋਲ ਇਕ ਡਾਲਰ ਅਤੇ ਪੰਜ ਸੈਂਟ ਸਨ । ਉਸ ਨੇ ਟੈਕਸੀ ਲਈ, ਬੈਂਕ ਗਈ ਤਾਂ ਕਿ ਹੋਟਲ ਜਾਣ ਤੋਂ ਪਹਿਲਾਂ ਪੈਸੇ ਕਢਵਾ ਲਏ । ਉਸ ਨੇ ਟੈਕਸੀ ਡਰਾਈਵਰ ਨੂੰ ਇਕ ਡਾਲਰ ਦਿੱਤਾ । ਬੈਂਕ ਦੇ ਬਾਹਰ ਇਕ ਮੰਗਤਾ ਬੈਠਾ ਹੋਇਆ ਸੀ, ਉਸ ਨੇ ਉਸ ਨੂੰ 5 ਸੈਂਟ ਦੇ ਦਿੱਤੇ । ਜਦੋਂ ਬੈਂਕ ਵਿੱਚ ਗਈ ਤਾਂ ਪਤਾ ਲੱਗਾ ਕਿ ਬੈਂਕ ਬੰਦ ਹੋ ਗਿਆ ਸੀ, ਉਹ ਜ਼ਮੀਨ 'ਤੇ ਡਿੱਗ ਪਈ । ਉਸ ਕੋਲੋਂ ਮਿਲੇ ਕਾਰਡ ਦੇ ਪਤੇ ਅਨੁਸਾਰ ਕੁਝ ਲੋਕ ਉਸ ਨੂੰ ਹੋਟਲ ਛੱਡ ਗਏ । ਹੁਣ ਉਹ ਮੰਗਤਾ ਉਸ ਨਾਲੋਂ 5 ਸੈਂਟ ਅਮੀਰ ਸੀ ਅਤੇ ਉਸ ਕੋਲ ਕੁਝ ਵੀ ਨਹੀਂ ਸੀ ।

ਉਸ ਹੋਟਲ ਵਿੱਚ 16 ਸੇਵਾਦਾਰਨੀਆਂ ਸਨ, ਉਹਨਾਂ ਵਿੱਚੋਂ ਸਿਰਫ਼ 2 ਦੇ ਪਤੀ ਨੌਕਰੀਆਂ ਕਰਦੇ ਸਨ, ਬਾਕੀ ਸਭ ਨੌਕਰੀਆਂ ਲੱਭ ਰਹੇ ਸਨ । ਤਨਖ਼ਾਹਾਂ ਬਹੁਤ ਥੋੜ੍ਹੀਆਂ ਸਨ । ਉਹਨਾਂ ਨੂੰ ਸਿਰਫ਼ 45 ਡਾਲਰ ਮਹੀਨਾ ਤਨਖ਼ਾਹ ਮਿਲਦੀ ਸੀ । ਮੇਰੀ ਡਿਊਟੀ 9 ਵਜੇ ਸਵੇਰ ਤੋਂ 9 ਵਜੇ ਸ਼ਾਮ ਤਕ ਸੀ ਅਤੇ ਹਫ਼ਤੇ ਵਿੱਚ 6 ਦਿਨ ਡਿਊਟੀ ਕਰਨੀ ਪੈਂਦੀ ਸੀ ।

ਇਕ ਦਿਨ ਰਸੀਵਰ ਨੂੰ ਮੈਂ ਪੁੱਛਿਆ ਕਿ ਕਦੀ ਉਸ ਨੇ ਸੋਚਿਆ ਹੈ ਕਿ ਇਨ੍ਹਾਂ ਸੇਵਾਦਾਰਨੀਆਂ ਨੂੰ ਕਿੰਨੀਆਂ ਘਟ ਤਨਖ਼ਾਹਾਂ ਮਿਲਦੀਆਂ ਹਨ? ਮੈਂ ਸੋਚਦੀ ਸਾਂ ਕਿ ਉਹ ਜਵਾਬ ਵਿੱਚ ਕਹੇਗਾ ਕਿ ਤੂੰ ਆਪਣਾ ਕੰਮ ਕਰਿਆ ਕਰ, ਪਰ ਉਹ ਕਹਿਣ ਲੱਗਾ ਕਿ ਉਹਨਾਂ ਦੇ 5 ਡਾਲਰ ਵਧਾ ਦਿਉ ।

ਮੈਂ ਦੂਸਰੇ ਦਿਨ ਉਹਨਾਂ ਸੇਵਾਦਾਰਨੀਆਂ ਨੂੰ ਦੱਸਿਆ ਅਤੇ ਫਿਰ ਕਿਸੇ ਸੇਵਾਦਾਰਨੀ ਨੇ ਨੌਕਰੀ ਨਹੀਂ ਸੀ ਛੱਡੀ ।

1931 ਨੂੰ ਜੇਨ ਐਡਮਜ਼ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਨਿਕਲਸ ਮੁਰੇ ਬਟਲਰ ਦੋਵਾਂ ਇਕੱਠਿਆਂ ਨੂੰ ਨੋਬਲ ਅਮਨ ਇਨਾਮ ਮਿਲਿਆ। ਮੈਨੂੰ ਹੁਣ ਤਕ ਵੀ ਨਹੀਂ ਸੀ ਪਤਾ ਕਿ ਨਿਕਲਸ ਮੁਰੇ ਬਟਲਰ ਨੇ ਅਮਨ ਵਧਾਉਣ ਲਈ ਕੀ ਕੀਤਾ । ਉਹਨਾਂ ਇਨਾਮ ਲੈਣ ਵਾਲਿਆਂ ਵਿੱਚੋਂ ਜੇਨ ਐਡਮਜ਼ ਤੋਂ ਵੱਧ ਕੋਈ ਵੀ ਯੋਗ ਨਹੀਂ ਸੀ । ਉਸ ਨੂੰ ਮੁਬਾਰਕਾਂ ਦੀਆਂ ਹਜ਼ਾਰਾਂ ਤਾਰਾਂ ਆਈਆਂ, ਪਰ ਉਸ ਵਕਤ ਉਹ ਆਪਣੇ ਇਕ ਓਪਰੇਸ਼ਨ ਲਈ ਹਸਪਤਾਲ ਵਿੱਚ ਸੀ । ਇਕ ਤਾਰ ਵਿੱਚ ਲਿਖਿਆ ਸੀ ਕਿ ਮੈਂ ਚਾਹੁੰਦਾ ਹਾਂ ਕਿ ਨਿਕਲਸ ਦਾ ਨਾਂ ਨਹੀਂ ਸੀ ਹੋਣਾ ਚਾਹੀਦਾ। ਉਹ ਪੂਰਾ ਮਹੀਨਾ ਹਸਪਤਾਲ ਰਹੀ ਅਤੇ ਔਸਲੋ ਵਿਖੇ ਇਨਾਮ ਲੈਣ ਨਾ ਜਾ ਸਕੀ । ਇਸ ਲਈ ਔਸਲੋ ਵਿੱਚ ਅਮਰੀਕਨ ਅੰਬੈਸੀ ਦੇ ਮਨਿਸਟਰ ਨੇ ਉਹ ਇਨਾਮ ਲਿਆ ।

ਪ੍ਰੋਫ਼ੈਸਰ ਹਲਵੇਨ ਕੋਹਤ ਅਤੇ ਬਟਲਰ ਨੇ ਜੇਨ ਐਡਮਜ਼ ਬਾਰੇ ਕਿਹਾ ਕਿ ਉਹ ਇਕ ਮਹਾਨ ਸ਼ਹਿਰੀ ਹੈ । ਉਹ ਸਾਰੀਆਂ ਅਮਨ ਨੂੰ ਪਿਆਰ ਕਰਨ ਵਾਲੀਆਂ ਔਰਤਾਂ ਦੀ ਯੋਗ ਪ੍ਰਤੀਨਿਧ ਹੈ । ਉਹ 16 ਹਜ਼ਾਰ ਡਾਲਰ ਦਾ ਇਨਾਮ ਸ੍ਰੀਮਤੀ ਜੇਨ ਐਡਮਜ਼ ਨੇ ਅਮਨ ਅਤੇ ਸੁਤੰਤਰਤਾ ਲਈ ਔਰਤਾਂ ਦੀ ਅੰਤਰ-ਰਾਸ਼ਟਰੀ ਲੀਗ ਨੂੰ ਦੇ ਦਿੱਤਾ । ***ਮੇਰੀ ਪਰੇਸ਼ਾਨੀ ਵਿੱਚ ਅਤੇ ਅਮਰੀਕਾ ਦੇ ਲੋਕਾਂ ਵਿੱਚ ਉਹ ਉਮੀਦ ਦੀ ਕਿਰਨ ਸੀ; ਜਿਵੇਂ ਅਬਰਾਹਿਮ ਲਿੰਕਨ, ਪਹਿਲੇ ਗ਼ੁਲਾਮ ਦੇ ਵਿਕਣ ਤੋਂ ਪ੍ਰਭਾਵਿਤ ਹੋਇਆ ਸੀ, ਇਸ ਤਰ੍ਹਾਂ ਹੀ ਪ੍ਰਧਾਨ ਰੂਜ਼ਵੈਲਟ ਇਕ ਬਹੁਤ ਕਮਜ਼ੋਰ ਬੱਚੇ ਨੂੰ, ਉਸ ਦੇ ਰੋਸ਼ਨੀ ਤੋਂ ਬਗੈਰ ਵਾਲੇ ਘਰ ਛੱਡਣ ਆਇਆ ਸੀ ਅਤੇ ਇਸ ਤੋਂ ਪ੍ਰਭਾਵਿਤ ਹੋ ਗਿਆ ਸੀ । ਉਹ ਜੇਨ ਐਡਮਜ਼ ਦੀ ਵਿਚਾਰਧਾਰਾ ਬਾਰੇ ਗੱਲ ਕਰਦਿਆਂ ਕਹਿੰਦਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਸਾਨੂੰ ਉਤਪਾਦਿਕ ਨਾਲੋਂ ਖ਼ਰੀਦਦਾਰ ਬਾਰੇ ਜ਼ਿਆਦਾ ਸੋਚਣਾ ਪਵੇਗਾ; ਇਸ ਤਰ੍ਹਾਂ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਜ਼ਿਆਦਾ ਬਰਾਬਰੀ ਵਾਲੀ ਵੰਡ ਕਰੀਏ ।***

ਹੋਟਲ ਦੇ ਕੰਮ ਨਾਲ ਮੈਨੂੰ ਖਾਣਾ ਅਤੇ ਘਰ ਮਿਲਿਆ ਹੋਇਆ ਸੀ । ਪਰ ਇਕ ਦਿਨ ਉਹ ਹੋਟਲ ਬੈਂਕ ਕੋਲ ਚਲਾ ਗਿਆ ਅਤੇ ਉਹਨਾਂ ਨੇ ਮੈਨੂੰ ਉਸ ਨੂੰ ਛੱਡ ਜਾਣ ਲਈ ਕਿਹਾ ਕਿਉਂ ਜੋ ਮੈਨੂੰ ਕੋਈ ਜਾਣਦਾ ਨਹੀਂ ਸੀ ਅਤੇ ਜਿਹੜਾ ਜਾਣਦਾ ਸੀ ਉਸ ਕੋਲ ਮੈਨੂੰ ਨੌਕਰੀ ਦੇਣ ਦਾ ਅਧਿਕਾਰ ਨਹੀਂ ਸੀ । ਫਿਰ ਇਕ ਮਹੀਨੇ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਮੈਨੂੰ ਡਬਲਯੂ ਪੀ.ਏ. ਦੇ ਲੇਖਕ ਦੇ ਪ੍ਰੋਜੈਕਟ ਵਿੱਚ ਨੌਕਰੀ ਮਿਲ ਗਈ ।

## ਲੇਖਕ ਪ੍ਰੋਜੈਕਟ ਸਭਾ (W.P.A)

ਸੱਭਿਆਚਾਰ ਦੇ ਇਸ ਪ੍ਰੋਜੈਕਟ ਵਿੱਚ ਕਲਾਕਾਰਾਂ ਨੂੰ ਨੌਕਰੀ ਮਿਲਦੀ ਸੀ ਜਿਹੜੇ ਆਪਣੀ ਮੰਡੀ ਗਵਾ ਚੁੱਕੇ ਸਨ । ਇਸ ਲਈ ਯੋਗਤਾ ਦਾ ਪ੍ਰਮਾਣਤਾ-ਪੱਤਰ ਲੈਣਾ ਪੈਂਦਾ ਸੀ । ਮੈਂ ਉਹ ਪ੍ਰਮਾਣ-ਪੱਤਰ ਲੈ ਕੇ ਇਸ ਵਿੱਚ ਨੌਕਰੀ ਸ਼ੁਰੂ ਕਰ ਦਿੱਤੀ । ਜਿਹੜੇ ਟੋਏ ਪੁੱਟਦੇ ਸਨ, ਸੜਕਾਂ ਬਣਾਉਂਦੇ ਸਨ, ਸੜਕਾਂ ਸਾਫ਼ ਕਰਦੇ ਸਨ ਉਹ ਸਿਰਫ਼ 50 ਤੋਂ 65 ਡਾਲਰਾਂ ਦੇ ਵਿੱਚ ਤਨਖ਼ਾਹ ਲੈਂਦੇ ਸਨ । ਲੇਖਕ, ਕਲਾਕਾਰ ਅਤੇ ਸੰਗੀਤਕਾਰ ਨੂੰ 96 ਡਾਲਰ, ਮਹੀਨਾ ਤਨਖ਼ਾਹ ਮਿਲਦੀ ਸੀ । ਸੱਭਿਆਚਾਰ ਦੇ ਪ੍ਰੋਜੈਕਟ ਵਿੱਚ ਉਹ ਲੋਕ ਸਨ ਜਿਹੜੇ ਆਪਣੀ ਮੰਡੀ ਨੂੰ ਗਵਾ ਚੁੱਕੇ ਸਨ, ਕਿਉਂ ਜੋ ਉਹਨਾਂ ਕੋਲ ਪੈਸਾ ਨਹੀਂ ਸੀ । ਇਨ੍ਹਾਂ ਨੂੰ ਅਖ਼ਬਾਰਾਂ ਵਿੱਚ ਲਾ ਲਿਆ ਗਿਆ ਸੀ । ਇਹ ਮਿਹਨਤੀ ਲੋਕ ਸਨ, ਇਨ੍ਹਾਂ ਲੋਕਾਂ ਦੀਆਂ ਨਾੜਾਂ ਵਿੱਚ ਅਮਰੀਕਾ ਦੇ ਸੱਭਿਆਚਾਰ ਦਾ ਖ਼ੂਨ ਵਹਿੰਦਾ ਸੀ । ਇਨ੍ਹਾਂ ਵਿੱਚੋਂ ਕਈਆਂ ਨੇ ਘਰ ਤਾਂ ਖ਼ਰੀਦੇ ਸਨ, ਪਰ ਉਹਨਾਂ ਘਰਾਂ ਦਾ ਭੁਗਤਾਨ ਨਾ ਕਰਨ ਕਰਕੇ ਉਹਨਾਂ ਦੇ ਘਰ ਖੁੱਸ ਗਏ ਸਨ । ਇਨ੍ਹਾਂ ਲੋਕਾਂ ਨੂੰ ਇਹ ਸਾਬਤ ਕਰਨਾ ਪੈਂਦਾ ਸੀ ਕਿ ਉਹਨਾਂ ਨੂੰ ਕਿਸੇ ਨਿੱਜੀ ਉਦਯੋਗ ਵਿੱਚ ਨੌਕਰੀ ਨਹੀਂ ਮਿਲ ਸਕਦੀ । ਇਨ੍ਹਾਂ ਲੋਕਾਂ ਦੀ ਤਨਖ਼ਾਹ ਅਮਰੀਕਾ ਦੇ ਲੋਕਾਂ ਦੇ ਟੈਕਸ ’ਤੇ ਚੱਲਦੀ ਸੀ । ਕਾਂਗਰਸ ਨੇ ਬਿਲ ਪਾਸ ਕੀਤਾ ਸੀ ਕਿ 18 ਮਹੀਨੇ ਬਾਅਦ ਇਨ੍ਹਾਂ ਦੀ ਛੁੱਟੀ ਕਰੋ, ਫਿਰ ਇਹ ਪ੍ਰਮਾਣਤਾ ਲਉ, ਪਰ 6 ਮਹੀਨੇ ਨੌਕਰੀ ਲੱਭਦਿਆਂ ਲੱਗ ਜਾਂਦੇ ਸਨ । ਕਾਂਗਰਸ ਵਿੱਚ ਇਸ ਪ੍ਰੋਜੈਕਟ ਨੂੰ ਬੰਦ ਕਰਨ ਦੀ ਗੱਲ ਕੀਤੀ ਜਾਂਦੀ, ਪਰ ਇਨ੍ਹਾਂ ਲੋਕਾਂ ਦੀਆਂ ਲਿਖਤਾਂ ਡਰਾਮੇ, ਸੰਗੀਤ ਦੇ ਪ੍ਰੋਜੈਕਟ ਸਮੇਂ ਦੇ ਨਾਲ ਖ਼ਤਮ ਹੋਣ ਵਾਲੇ ਨਹੀਂ ਸਨ ਹੁੰਦੇ । ਪਰ ਇਸ ਪ੍ਰੋਜੈਕਟ ਦੀਆਂ ਵੱਡੀਆਂ ਪ੍ਰਾਪਤੀਆਂ ਸਨ ਅਤੇ ਇਨ੍ਹਾਂ ਦੀ ਮਹੱਤਤਾ ਸੀ ।

## ਮਈ 1935

ਇਹ ਸਮਾਂ ਥੁੜ ਦਾ ਸਮਾਂ ਸੀ, ਪਰ ਮੈਂ ਉਸ ਦੇਸ਼ ਵਿੱਚ ਰਹਿੰਦੀ ਸਾਂ ਜਿੱਥੇ ਵਿਅਕਤੀ ਨੂੰ ਨੌਕਰੀ ਦੇਣ ਦੀ ਜ਼ਿੰਮੇਵਾਰੀ ਸਰਕਾਰ ਦੀ ਜ਼ਿੰਮੇਵਾਰੀ ਸੀ । ਬੱਚੇ ਸਕੂਲ ਜਾਂਦੇ ਸਨ, ਸਰਕਾਰ ਵੱਲੋਂ ਵਿੱਦਿਆ ਵਿੱਚ ਮਦਦ ਦੀ ਵਿਵਸਥਾ ਸੀ । ਮੈਂ “ਹੱਲ ਹਾਊਸ” ਨਾਲ ਸੰਬੰਧਿਤ ਪ੍ਰੋਜੈਕਟਾਂ ਨੂੰ ਚੁਣਿਆ । ਪਹਿਲਾਂ ਮੈਂ ਬੱਚਿਆਂ “ਦੈਤ ਬੱਚਾ” ਤੇ ਇਕ ਪੇਪਰ ਲਿਖਿਆ; ਫਿਰ ਮੈਂ “ਬੱਚਿਆਂ ਲਈ ਅਦਾਲਤ” ਤੇ ਇਕ ਪੇਪਰ ਲਿਖਿਆ । ਫਿਰ ਟਾਈਫਾਈਡ ਦੀ ਮਹਾਂਮਾਰੀ ਅਤੇ ਡੇ ਨਰਸਰੀ ਅਤੇ ਕਈ ਹੋਰ ਲੇਖ ਲਿਖੇ ।

ਸੰਨ 1926 ਵਿੱਚ ਮਿਸ ਐਡਮਜ਼ ਨੂੰ ਦਿਲ ਦਾ ਦੌਰਾ ਪਿਆ ਜਿਸ ਕਰਕੇ ਉਹ ਪੂਰੀ ਠੀਕ ਨਹੀਂ ਹੋਈ ਉਸ ਦਿਨ ਹੀ ਉਸਨੂੰ ਬਾਲਟੀਮੋਰ ਹਸਪਤਾਲ ਵਿੱਚ ਦਾਖ਼ਲ ਕਰਵਾਇਆ । 10 ਦਸੰਬਰ 1931 ਨੂੰ ਉਸਨੂੰ ਨੋਬਲ ਪੀਸ ਪ੍ਰਾਈਜ਼ ਔਸਲੋ (Oslo) ਵਿੱਚ ਮਿਲਿਆ; ਪਰ ਉਹ ਇਹ ਇਨਾਮ ਲੈਣ ਲਈ ਨਹੀਂ ਜਾ ਸਕੀ । ਸੰਨ 1935 ਵਿੱਚ ਕੈਂਸਰ ਦੇ ਸ਼ੱਕ






ਜੇਨ ਐਡਮਜ਼ ਆਪਣਾ ਨੋਬਲ ਪੀਸ ਪ੍ਰਾਈਜ਼ ਦੇਖਦੇ ਹੋਏ

ਕਰਕੇ ਓਪਰੇਸ਼ਨ ਹੋਇਆ । ਉਸ ਤੋਂ ਤਿੰਨ ਦਿਨ ਬਾਅਦ ਉਹ ਇਸ ਫਾਨੀ ਦੁਨੀਆਂ ਤੋਂ ਵਿਦਾ ਹੋ ਗਈ ।

ਹੁਣ ਜੇਨ ਐਡਮਜ਼ ਬਿਮਾਰ ਸੀ ਮੈਂ ਉਸ ਨੂੰ ਕਈ ਦਿਨ ਨਾ ਮਿਲ ਸਕੀ । ਫਿਰ ਇਕ ਦਿਨ ਰੇਡੀਓ ’ਤੇ ਆਇਆ ਕਿ ਸ਼ਿਕਾਗੋ ਦੀ ਪਹਿਲੀ

ਔਰਤ ਨਹੀਂ ਰਹੀ। ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਮੈਂ ਜ਼ਿੰਦਗੀ ਦੀ ਆਖ਼ਰੀ ਜਾਇਦਾਦ ਵੀ ਗੁਆ ਲਈ ਹੈ। ਮੈਂ ਉਸ ਘਰ ਦੇ ਕੋਲੋਂ ਲੰਘੀ, ਜਿੱਥੇ ਮੈਂ ਬਚਪਨ ਵਿੱਚ ਆਈ ਸੀ, ਉਸ ਦਾ ਰੰਗ ਲੱਥ ਗਿਆ ਸੀ ਅਤੇ ਪੁਰਾਣਾ ਜਿਹਾ ਲੱਗਦਾ ਸੀ, ਮੈਨੂੰ ਲੱਗਾ ਹੁਣ ਮੇਰਾ ਦਿਲ ਵੀ ਪੁਰਾਣਾ ਹੋ ਗਿਆ ਹੈ ਅਤੇ ਟੁੱਟ ਗਿਆ ਹੈ।

ਫਿਰ ਮੈਂ ਹੌਲੀ-ਹੌਲੀ ਹੱਲ ਹਾਊਸ ਪਹੁੰਚ ਗਈ ਮੈਂ ਵੇਖਿਆ ਦੁਕਾਨ 'ਤੇ ਇਟੈਲੀਅਨ, ਯੂਨਾਨੀ, ਮੈਕਸੀਕੋ, ਈਰਸ਼, ਯਹੂਦੀ, ਪੋਲਜ਼, ਰਸ਼ੀਅਨ ਸਭ ਨੇ ਜਾਮਨੀ ਅਤੇ ਕਾਲੇ ਸੂਤੀ ਕੱਪੜੇ ਪਾਏ ਹੋਏ ਸਨ।

ਜਦੋਂ ਮੈਂ ਦੁਕਾਨ ਦੇ ਕੋਲੋਂ ਲੰਘ ਰਹੀ ਸਾਂ ਤਾਂ ਦੁਕਾਨਦਾਰ ਕਹਿਣ ਲੱਗਾ, ਲਾਲ, ਨੀਲਾ ਰੰਗ ਉਸ ਦੀ ਜ਼ਿੰਦਗੀ ਦੀ ਉੱਚੀ ਸੋਚ ਲਈ ਅਤੇ ਕਾਲਾ ਉਸ ਦੇ ਵੱਡੇ ਘਾਟੇ ਲਈ। ਬਹੁਤ ਸਾਰੇ ਲੋਕ ਹਲਸਟੈਡ ਸਟਰੀਟ ਵਿੱਚ ਖੜ੍ਹੇ ਸਨ, ਉਹ ਜੋ ਕੁਝ ਮਹਿਸੂਸ ਕਰ ਰਹੇ ਸਨ, ਉਹ ਉਹਨਾਂ ਦੇ ਚਿਹਰਿਆਂ 'ਤੇ ਲਿਖਿਆ ਹੋਇਆ ਸੀ, ਭਾਵੇਂ ਕਿ ਉਹ ਕੁਝ ਵੀ ਬੋਲਦੇ ਨਹੀਂ ਸਨ। ਭਾਵੇਂ ਕਿ ਬੱਚਿਆਂ ਨੂੰ ਮੌਤ ਬਾਰੇ ਕੋਈ ਚੇਤਨਾ ਨਹੀਂ ਹੁੰਦੀ ਪਰ ਉਸ ਦਿਨ ਕੋਈ ਵੀ ਬੱਚਾ ਗਲੀ ਵਿੱਚ ਖੇਡਦਾ ਨਜ਼ਰ ਨਹੀਂ ਸੀ ਆਇਆ।

ਮੈਂ ਬੋਵਨ ਹਾਲ ਵਿੱਚ ਗਈ ਜਿੱਥੇ ਕਫਨ ਵਿੱਚ ਵਲੇਟਿਆ ਉਸ ਦਾ ਸਰੀਰ ਪਿਆ ਸੀ। ਹੁਣ ਉਹ ਉਸ ਘਰ ਨੂੰ ਛੱਡ ਗਈ ਸੀ ਜੋ ਲੱਖਾਂ ਲੋਕਾਂ ਲਈ ਇਕ ਸੰਗੀਤਕ ਨਾਟਕ ਘਰ, ਯੂਨੀਵਰਸਿਟੀ, ਥਿਏਟਰ, ਸੰਗੀਤ ਹਾਲ, ਜਿਮਨੇਜੀਅਮ, ਲਾਇਬ੍ਰੇਰੀ ਅਤੇ ਕਲੱਬ ਸੀ। ਉੱਥੇ ਬੱਚਿਆਂ, ਔਰਤਾਂ ਅਤੇ ਮਰਦਾਂ ਦੀ ਨਾ ਖ਼ਤਮ ਹੋਣ ਵਾਲੀ ਲਾਈਨ ਸੀ ਅਤੇ ਉਹ ਉਸ ਬਕਸੇ ਕੋਲੋਂ ਲੰਘ ਰਹੇ ਸਨ ਜਿਸ ਨੇ ਉਹਨਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਲਿਆਂਦੀ ਸੀ। ਉਸ ਦੇ ਸਰੀਰ ਨੂੰ ਕਿਸੇ ਗਿਰਜਾ ਘਰ ਵਿੱਚ ਨਹੀਂ ਸੀ ਖੜਿਆ ਗਿਆ, ਕਿਉਂ ਜੋ ਉੱਥੇ ਕੋਈ ਵੀ ਉਹੋ ਜਿਹਾ ਗਿਰਜਾ ਘਰ ਨਹੀਂ ਸੀ ਜਿਹੜਾ ਉਸ ਦੀ ਬਰਦਾਸ਼ਤ ਸ਼ਕਤੀ ਦਾ ਹਿੱਸਾ ਬਣਾ ਸਕੇ। ਉਸਨੂੰ ਹੱਲ ਹਾਊਸ ਹੀ ਦਫ਼ਨਾਇਆ ਗਿਆ।

# ਜੇਨ ਐਡਮਜ਼ ਦੇ ਵਿਚਾਰ

*"America's future will be determined by the home and the school. The child becomes largely what he is taught; hence we must watch what we teach, and how we live."*

*(Jane Addams)*

*"Nothing could be worse than the fear that one had given up too soon, and left one unexpended effort that might have saved the world."*

Jane Addams

"I am not one of those who believe — broadly speaking — that women are better than men. We have not wrecked railroads, nor corrupted legislatures, nor done many unholy things that men have done; but then we must remember that we have not had the chance."

— Jane Addams (1860–1935)

"Old-fashioned ways which no longer apply to changed conditions are a snare in which the feet of women have always become readily entangled."

Jane Addams

"Social Advance Depends As Much Upon The Process Through Which It Is Secured As Upon The Result Itself."

Jane Addams


"WHAT AFTER ALL HAS MAINTAINED THE HUMAN RACE ON THIS OLD GLOBE DESPITE ALL THE CALAMITIES OF NATURE AND ALL THE TRAGIC FAILINGS OF MANKIND, IF NOT FAITH IN NEW POSSIBILITIES AND COURAGE TO ADVOCATE THEM."

Jane Addams

PM-JA

# JANE ADDAMS

IN 1931, ADDAMS BECAME THE FIRST-EVER FEMALE NOBEL PEACE PRIZE WINNER FOR HER PIONEERING SOCIAL WORK IN AMERICA AND ABROAD THAT SPANNED THE NEEDS OF CHILDREN, PUBLIC HEALTH, IMMIGRANTS, LABOR, THE PEACE MOVEMENT AND A WIDE SPECTRUM OF WOMEN'S ISSUES.



## ਪਿੰਗਲਵਾੜਾ ਸੰਸਥਾ  ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ। ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ, ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ। ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1786 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ।

**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ, ਮੀਂਹ ਦੇ ਪਾਣੀ ਦੀ ਸੰਭਾਲ *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।

**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰਕਲਾਂ, ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ ਫਿਰੋਜ਼ਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।

**ਨਿਵਾਸ ਅਤੇ ਸੰਭਾਲ :**

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1786 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -386 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -200 |
| ਮੰਦ-ਬੁੱਧੀ ਵਾਲੇ | -427 | ਕੈਂਸਰ ਵਾਲੇ | -00 |
| ਗੂੰਗੇ ਬੋਲੇ | -163 | ਸ਼ੂਗਰ ਵਾਲੇ | -82 |
| ਬਜ਼ੁਰਗ | -150 | ਸਕੂਲ ਜਾਣ ਵਾਲੇ ਬੱਚੇ | -94 |
| ਜ਼ਖ਼ਮਾਂ ਵਾਲੇ | -25 | ਛੱਡੇ ਗਏ ਬੱਚੇ | -05 |
| ਟੀ.ਬੀ. ਵਾਲੇ | -07 | ਠੀਕ ਹੋ ਚੁੱਕੇ ਰੋਗੀ | -28 |
| ਨੇਤਰਹੀਣ | -41 | | |

**31 ਅਕਤੂਬਰ 2017 ਤਕ ਕੁੱਲ ਰੋਗੀਆਂ ਦੀ ਗਿਣਤੀ *1786**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।**

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 352 |
| 2. ਮਾਨਾਂਵਾਲਾ ਕੰਪਲੈਕਸ | 863 |
| 3. ਪੰਡੋਰੀ ਵੜੈਚ ਬ੍ਰਾਂਚ | 99 |
| 4. ਗੋਇੰਦਵਾਲ ਬ੍ਰਾਂਚ | 92 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 226 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 115 |
| **ਕੁੱਲ ਮਰੀਜ਼** | **1786** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ 90 ਲੱਖ ਰੁਪਏ ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ

ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ:** ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

**(ਖ) ਫਿਜ਼ਿਓਥਰੈਪੀ:** ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

(ਗ) **ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ:** ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ '**ਮਾਰੂਥਲ ਬਣਨ**' ਤੇ '**ਭੂ-ਖੋਰ**' ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ-ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

## ਮੁਫ਼ਤ ਵਿੱਦਿਅਕ ਸਹੂਲਤਾਂ :

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ:** ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 728 ਵਿਦਿਆਰਥੀਆਂ ਨੂੰ

ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 452 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 217 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 152 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।

**ਹੋਸਟਲ ਦਾ ਪ੍ਰਬੰਧ :** ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 192 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 7 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ:** ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ :** ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ:** ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਿਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ:-** ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ-ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ:** ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ:** ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ:** ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਾਰੇ ਲੇਖੇ' ।

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ— 'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming

(ਗ) ਪਾਣੀ ਦੀ ਸਮੱਸਿਆ

(ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ :-** ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ

ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ** : ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਭੀ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

**ਉਸਾਰੀ ਅਧੀਨ ਯੋਜਨਾਵਾਂ** : ਸਾਲ 2013 ਤੋਂ ਸ਼ੁਰੂ ਕੀਤਾ ਗਿਆ ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ (ਮੰਦ-ਬੁੱਧੀ) ਸਪੈਸ਼ਲ ਬੱਚਿਆਂ ਲਈ ਸਕੂਲ ਬਣ ਕੇ ਤਿਆਰ ਹੋ ਗਿਆ ਹੈ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਪੁੱਛ-ਗਿੱਛ ਲਈ ਕਰਨਲ ਸ. ਦਰਸ਼ਨ ਸਿੰਘ ਬਾਵਾ, (ਰਿਟਾ.)**

**ਮੁੱਖ-ਪ੍ਰਸ਼ਾਸਕ 98145-35937**